On our English language New Website

WWW.PREETNEWS.COM

preetnews2020 @gmail.com

PREETNAMA

# ਪ੍ਰੀਤਨਾਮਾ

ਖਰਾ ਸੱਚ

ਨਿਊਯਾਰਕ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ Online and Print Media +1 201-312-4180 +1 917-328-8436

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ Online and Print Media +1 201-312-4180 +1 917-328-8436

ਉਮੀਦ ਉਹ ਵਿਸ਼ਵਾਸ਼ ਹੈ ਜੋ ਕਾਮਯਾਬੀ ਵੱਲ ਲੈ ਜਾਂਦਾ ਹੈ, ਉਮੀਦ ਅਤੇ ਵਿਸ਼ਵਾਸ ਤੋਂ ਬਿਨਾਂ ਕੁਝ ਵੀ ਸੰਭਵ ਨਹੀਂ ਹੈ।

-ਹੈਲੈਨ ਕੇਲਰ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 202, ਮਿਤੀ : 26 ਮਈ ਤੋਂ 1 ਜੂਨ 2023 ਵੈਬਸਾਈਟ : www.preetnama.com ਈਮੇਲ preetnamausa@gmail.com

# 11 ਹਜ਼ਾਰ ਪ੍ਰਵਾਸੀ ਕੀਤੇ ਅਮਰੀਕਾ ਤੋਂ ਡੀਪੋਰਟ



## ਟਾਈਟਲ-42 ਤਹਿਤ ਕੱਢੇ ਗਏ ਲੋਕਾਂ ਦੇ ਉਲਟ, ਯੂਐਸ ਇਮੀਗ੍ਰੇਸ਼ਨ ਕਾਨੂੰਨ ਤਹਿਤ ਦੇਸ਼ ਨਿਕਾਲਾ ਦਿੱਤੇ ਗਏ ਪ੍ਰਵਾਸੀਆਂ ਨੂੰ ਗੰਭੀਰ ਇਮੀਗ੍ਰੇਸ਼ਨ ਅਤੇ ਅਪਰਾਧਕ ਨਤੀਜਿਆਂ ਦਾ ਸਾਹਮਣਾ ਕਰਨਾ ਪੈ ਰਿਹੈ

ਵਾਸ਼ਿੰਗਟਨ: ਯੂਐਸ ਨੇ ਟਾਈਟਲ-42 ਸਰਹੱਦੀ ਪਾਬੰਦੀਆਂ ਦੀ ਮਿਆਦ ਪੁੱਗਣ ਤੋਂ ਬਾਅਦ ਦੇਸ਼ ਨਿਕਾਲੇ ਨੂੰ ਵਧਾਉਣ ਅਤੇ ਪ੍ਰਚਾਰ ਕਰਨ ਦੇ ਬਾਇਡਨ ਪ੍ਰਸ਼ਾਸਨ ਦੇ ਯਤਨਾਂ ਦੇ ਹਿੱਸੇ ਵਜੋਂ ਇੱਕ ਹਫ਼ਤੇ 'ਚ ਹੁਣ 11 ਹਜ਼ਾਰ ਤੋਂ ਵੱਧ ਪ੍ਰਵਾਸੀਆਂ ਨੂੰ ਮੈਕਸੀਕੋ ਅਤੇ 30 ਤੋਂ ਵੱਧ ਹੋਰਨਾਂ ਦੇਸ਼ਾਂ 'ਚ ਡੀਪੋਰਟ ਕਰ ਦਿੱਤਾ ਹੈ। ਅਧਿਕਾਰੀਆਂ ਨੇ ਕਿਹਾ ਕਿ ਯੂਐਸ ਬਾਰਡਰ ਏਜੰਟਾਂ ਨੇ ਲੰਘੀ 11 ਮਈ ਨੂੰ ਟਾਈਟਲ-42 ਪਬਲਿਕ ਹੈੱਲਥ ਅਥੌਰਿਟੀਜ਼ ਅਧੀਨ ਪ੍ਰਵਾਸੀਆਂ ਨੂੰ ਕੱਢਣ ਦੀ ਆਪਣੀ ਯੋਗਤਾ ਗੁਆ ਦਿੱਤੀ ਸੀ। ਹੋਮਲੈਂਡ ਸੈਕਿਓਰਿਟੀ ਵਿਭਾਗ ਨੇ ਕਿਹਾ ਕਿ ਇਸ ਨੇ 11 ਹਜ਼ਾਰ ਤੋਂ ਵੱਧ ਰਸਮੀ ਤੌਰ 'ਤੇ ਦੇਸ਼ ਨਿਕਾਲੇ ਅਤੇ ਪ੍ਰਵਾਸੀਆਂ ਦੀ ਵਾਪਸੀ ਕੀਤੀ ਹੈ ਜੋ ਹਾਲ ਹੀ 'ਚ ਗ਼ੈਰ-ਕਾਨੂੰਨੀ ਢੰਗ ਨਾਲ ਦੱਖਣੀ ਸਰਹੱਦ ਪਾਰ ਕਰ ਗਏ ਸਨ।

ਟਾਈਟਲ-42 ਤਹਿਤ ਕੱਢੇ ਗਏ ਲੋਕਾਂ ਦੇ ਉਲਟ, ਯੂਐਸ ਇਮੀਗ੍ਰੇਸ਼ਨ ਕਾਨੂੰਨ ਤਹਿਤ ਦੇਸ਼ ਨਿਕਾਲਾ ਦਿੱਤੇ ਗਏ ਪ੍ਰਵਾਸੀਆਂ ਨੂੰ ਗੰਭੀਰ ਇਮੀਗ੍ਰੇਸ਼ਨ ਅਤੇ ਅਪਰਾਧਕ ਨਤੀਜਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਿਵੇਂ ਕਿ ਅਮਰੀਕਾ ਤੋਂ ਪੰਜ ਸਾਲ ਦਾ ਦੇਸ਼ ਨਿਕਾਲਾ ਅਤੇ ਸੰਭਾਵੀ ਜੇਲ੍ਹ ਦਾ ਸਮਾਂ ਅਤੇ ਅਪਰਾਧਿਕ ਮੁਕੱਦਮਾ ਜੇਕਰ ਉਹ ਸਰਕਾਰ ਦੀ ਇਜਾਜ਼ਤ ਤੋਂ ਬਿਨਾਂ ਮੁੜ ਅਮਰੀਕਾ ਦੇਸ਼ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹਨ। ਬਾਇਡਨ ਪ੍ਰਸ਼ਾਸਨ ਨੇ ਯੂਐਸ -ਮੈਕਸੀਕੋ ਸਰਹੱਦ ਦੇ ਨਾਲ ਪ੍ਰਵਾਸੀਆਂ ਦੀ ਆਮਦ ਨੂੰ ਰੋਕਣ ਲਈ ਇੱਕ ਵਿਆਪਕ ਮੁਹਿੰਮ ਦੇ ਹਿੱਸੇ ਵਜੋਂ ਰਸਮੀ ਦੇਸ਼ ਨਿਕਾਲੇ ਦੀ ਵਧੀ ਹੋਈ ਸੰਖਿਆ ਅਤੇ ਉਨ੍ਹਾਂ ਦੇ ਨਤੀਜਿਆਂ ਨੂੰ ਉਜਾਗਰ ਜੰਗੀ ਪੱਧਰ 'ਤੇ ਕੀਤਾ ਹੈ ਜੋ ਪਿਛਲੇ 2 ਸਾਲਾਂ 'ਚ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਿਆ ਸੀ।ਅਧਿਕਾਰੀਆਂ ਨੇ ਇਹ ਵੀ ਕਿਹਾ ਹੈ ਕਿ ਰਸਮੀ ਦੇਸ਼ ਨਿਕਾਲੇ 'ਚ ਵਾਧੇ ਨੇ ਪਿਛਲੇ ਹਫ਼ਤੇ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਣ ਵਾਲੇ ਪ੍ਰਵਾਸੀਆਂ ਦੀ ਗਿਣਤੀ 'ਚ ਤੇਜ਼ੀ ਨਾਲ ਗਿਰਾਵਟ 'ਚ ਯੋਗਦਾਨ ਪਾਇਆ ਹੈ ਜਦੋਂ ਕਿ ਰੋਜ਼ਾਨਾ ਪ੍ਰਵਾਸੀ ਕ੍ਰੌਸਿੰਗ 10 ਹਜ਼ਾਰ ਤਕ ਵੱਧ ਗਈ ਸੀ ਜੋ ਕਿ ਇੱਕ ਬਹੁਤ ਹੀ ਵੱਡਾ ਰਿਕਾਰਡ ਹੈ। ਟਾਈਟਲ-42 ਦੇ ਖ਼ਤਮ ਹੋਣ ਤੋਂ ਠੀਕ ਪਹਿਲਾਂ ਉਹ ਘੱਟ ਗਏ ਹਨ। ਯੂਐਸ ਸਰਹੱਦੀ ਅਧਿਕਾਰੀਆਂ ਨੇ ਪਿਛਲੇ ਹਫ਼ਤੇ 'ਚ ਔਸਤਨ 4, 400 ਲੋਕਾਂ ਦੇ ਆਉਣ ਦਾ ਖ਼ਦਸ਼ਾ ਜਤਾਇਆ ਹੈ। ਜਦਕਿ ਪਿਛਲੇ ਕੁੱਝ ਦਿਨਾਂ 'ਚ ਬਾਰਡਰ ਗਸ਼ਤੀ ਦਲਾਂ ਨੇ ਔਸਤਨ ਤਿੰਨ ਹਜ਼ਾਰ ਰੋਜ਼ਾਨਾ ਖ਼ਦਸ਼ੇ ਜ਼ਾਹਿਰ ਕੀਤੇ ਹਨ ਜੋ ਕਿ ਇਸ ਮਹੀਨੇ ਦੇ ਸ਼ੁਰੂ 'ਚ 70 ਪ੍ਰਤੀਸ਼ਤ ਘੱਟ ਹੈ। ਟਾਈਟਲ 42 ਦੀ ਮਿਆਦ ਪੁੱਗਣ ਤੋਂ ਬਾਅਦ ਵਾਪਿਸ ਪਰਤਣ ਵਾਲਿਆਂ 'ਚ ਵੈਨੇਜ਼ੂਏਲਾ, ਨਿਕਰਾਗੁਆ, ਹੈਤੀ ਅਤੇ ਕਿਊਬਾ ਦੇ 1, 100 ਪ੍ਰਵਾਸੀ ਸਨ ਜੋ ਮੈਕਸੀਕੋ ਵਾਪਿਸ ਆ ਗਏ ਸਨ, ਅਤੇ ਉਹ ਅਮਰੀਕਾ ਦੀ ਬੇਨਤੀ 'ਤੇ ਇਨ੍ਹਾਂ ਕੌਮੀਅਤਾਂ ਨੂੰ ਵਾਪਿਸ ਲੈਣ ਲਈ ਸਹਿਮਤ ਹੋਏ ਸਨ। ਜਦੋਂ ਕਿ ਦੂਜੇ ਦੇਸ਼ਾਂ ਦੇ ਪ੍ਰਵਾਸੀਆਂ ਨੂੰ ਤੇਜ਼ੀ ਨਾਲ ਹਟਾਉਣ ਵਜੋਂ ਜਾਣੀ ਜਾਂਦੀ ਪ੍ਰਕਿਰਿਆ ਦੇ ਤਹਿਤ ਦੇਸ਼ ਨਿਕਾਲੇ ਅਤੇ ਪੰਜ ਸਾਲਾਂ ਦੀ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਵੈਨੇਜ਼ੁਏਲਾ, ਨਿਕਰਾਗੁਆ, ਹੈਤੀ ਅਤੇ ਕਿਊਬਨ ਨੂੰ ਮੈਕਸੀਕੋ ਵਾਪਿਸ ਜਾਣ ਦਾ ਮੌਕਾ ਦਿੱਤਾ ਜਾ ਰਿਹਾ ਹੈ ਤਾਂ ਜੋ ਉਹ ਇੱਕ ਪ੍ਰੋਗਰਾਮ ਲਈ ਅਰਜ਼ੀ ਦੇ ਸਕਣ। ਜੇਕਰ ਉਹਨਾਂ ਕੋਲ ਵਿੱਤੀ ਸਪੌਂਸਰ ਹਨ ਤਾਂ "~ 'ਚ ਅਜਿਹੇ ਲੋਕਾਂ ਨੂੰ ਸਵੈ-ਇੱਜ਼ਤ ਵਾਪਸੀ ਵਜੋਂ ਗਿਣਿਆ ਜਾਂਦਾ ਹੈ। ਵਧੇ ਹੋਏ ਦੇਸ਼ ਨਿਕਾਲੇ ਅਤੇ ਵਾਪਸੀ ਦੇ ਨਾਲ ਜੋੜ ਕੇ ਕੰਮ ਕਰਨਾ ਇੱਕ ਹਾਲ ਹੀ 'ਚ ਲਾਗੂ ਕੀਤਾ ਗਿਆ ਬਾਇਡਨ ਪ੍ਰਸ਼ਾਸਨ ਦਾ ਨਿਯਮ ਪ੍ਰਵਾਸੀਆਂ ਨੂੰ ਸ਼ਰਣ ਤੋਂ ਅਯੋਗ ਠਹਿਰਾਉਂਦਾ ਹੈ ਜੇਕਰ ਉਹ ਅਮਰੀਕੀ ਧਰਤੀ ਦੇ ਰਸਤੇ 'ਚ ਮੈਕਸੀਕੋ ਵਰਗੇ ਤੀਜੇ ਦੇਸ਼ 'ਚ ਸ਼ਰਣ ਦੇਣ ਲਈ ਬੇਨਤੀ ਕਰਨ 'ਚ ਅਸਫ਼ਲ ਰਹਿਣ ਤੋਂ ਬਾਅਦ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੁੰਦੇ ਹਨ।

# ਗੁਰਬਾਣੀ ਦੇ ਲਾਈਵ ਪ੍ਰਸਾਰਣ ਨੂੰ ਲੈ ਕੇ ਐੱਸਜੀਪੀਸੀ ਪ੍ਰਧਾਨ ਤੇ ਸੀਐੱਮ ਮਾਨ ਆਹਮੋ-ਸਾਹਮਣੇ, 'ਗੁਰਬਾਣੀ ਨੂੰ ਕੋਈ ਨਹੀਂ ਵੇਚ ਸਕਦਾ'

"ਪਹਿਲਾਂ ਤਾਂ ਇਹ ਲਫਜ ਵਰਤਣਾ ਬੰਦ ਕਰ ਦੇਣ ਕਿ ਗੁਰਬਾਣੀ ਵੇਚਦੇ, ਗੁਰਬਾਣੀ ਨੂੰ ਕੋਈ ਨਹੀਂ ਵੇਚ ਸਕਦਾ ਇਹ ਤਾਂ ਧੁਰ ਕੀ ਬਾਣੀ ਹੈ। ਇਹ ਤੌਹੀਨ ਹੈ। ਮੈਂ ਸਾਵਧਾਨ ਕਰ ਦਿਆਂ ਕਿ ਅਜਿਹੇ ਲਫਜ ਨਾਲ ਵਰਤੇ ਜਾਣ।"

"ਲਫਜ ਚੰਗੇ ਵਰਤਣੇ ਚਾਹੀਦੇ ਹਨ, ਸਮਝਦਾ ਹਾਂ ਕਿ ਇਸ ਪਿੱਛੇ ਉਦੇਸ਼ ਕੀ ਹੈ ਪਰ ਅਸੀਂ ਸ਼ਹਿ ਵਿੱਚ ਆਉਣ ਵਾਲੇ ਨਹੀਂ, ਗੁਰੂ ਦੀ ਰਜਾ ਵਿੱਚ ਰਹਿਣ ਵਾਲੇ ਹਾਂ।"

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮੁਖਾਤਬ ਹੁੰਦਿਆਂ ਕੀਤਾ।

ਦਰਅਸਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਗੁਰਬਾਣੀ ਦੇ ਪ੍ਰਸਾਰਣ ਨੂੰ ਲੈ ਕੇ ਬਿਆਨ ਆ ਰਹੇ ਹਨ।





ਜਿਸ ਵਿੱਚ ਉਹ ਗੁਰਬਾਣੀ ਦੇ ਪ੍ਰਸਾਰਣ ਦੇ ਅਧਿਕਾਰ ਕਿਸੇ ਇੱਕ ਟੀਵੀ ਚੈਨਲ ਨੂੰ ਨਾ ਦੇ ਕੇ ਸਾਰਿਆਂ ਨੂੰ ਦੇਣ ਦੀ ਮੰਗ ਕਰ ਰਹੇ ਹਨ।

ਇਸ ਤੋਂ ਪਹਿਲਾਂ ਸਾਲ 2022 ਵਿੱਚ ਵੀ ਭਗਵੰਤ ਮਾਨ ਨੇ ਗੁਰਬਾਣੀ ਕੀਰਤਨ ਦੇ ਪ੍ਰਸਾਰਣ ਲਈ ਪੰਜਾਬ ਸਰਕਾਰ ਨੂੰ ਇਜਾਜਤ ਦੇਣ ਦੀ ਅਪੀਲ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੀਤੀ ਸੀ।

ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਦੋਂ ਵੀ ਇੱਕ ਬਿਆਨ ਜਾਰੀ ਕਰਕੇ ਆਖਿਆ ਸੀ ਕਿ ਮੁੱਖ ਮੰਤਰੀ ਸਰਕਾਰ ਦੇ ਕੰਮਾਂ ਵੱਲ ਧਿਆਨ ਦੇਣ ਨਾ ਕਿ ਸਿਆਸਤ ਕਰਨ।

**ਭਗਵੰਤ ਮਾਨ ਨੇ ਕੀ ਕਿਹਾ ਸੀ ?**

ਮੁੱਖ ਮੰਤਰੀ ਭਗਵੰਤ ਮਾਨ ਨੇ 22 ਮਈ ਨੂੰ ਦਿੜ੍ਹਬਾ ਵਿਖੇ ਇੱਕ ਸਮਾਗਮ ਦੌਰਾਨ ਮੁੜ ਇਹ ਮੁੱਦਾ ਚੁੱਕਦਿਆਂ ਕਿਹਾ ਕਿ ਗੁਰਬਾਣੀ ਇੱਕੋ ਚੈਨਲ 'ਤੇ ਕਿਉਂ ਆਉਂਦੀ ਹੈ, ਬਾਕੀਆਂ 'ਤੇ ਕਿਉਂ ਨਹੀਂ।

ਉਨ੍ਹਾਂ ਨੇ ਕਿਹਾ, "ਇਹ ਇਨ੍ਹਾਂ ਦੇ ਆਪਣੇ ਬਾਦਲਾਂ ਦੇ ਚੈਨਲ 'ਤੇ ਹੀ ਕਿਉਂ ਆਉਂਦੀ ਹੈ। ਅਮਰੀਕਾ-ਕੈਨੇਡਾ ਵਿੱਚ ਇਹ ਸਭ ਤੋਂ ਮਹਿੰਗਾ ਚੈਨਲ ਹੈ। ਉੱਥੇ ਪੀਟੀਸੀ ਲਗਵਾਉਣ ਲਈ ਬਹੁਤ ਜਿ਼ਆਦਾ ਡਾਲਰ ਦੇਣੇ ਪੈਂਦੇ ਹਨ ਕਿਉਂਕਿ ਗੁਰਬਾਣੀ ਨਾਲ ਲੋਕਾਂ ਦੀ ਸ਼ਰਧਾ ਹੈ।"

"ਮੈਂ ਕਿਹਾ ਕਿ ਇਹ ਸਾਰੇ ਚੈਨਲਾਂ ਲਈ ਹੋਣੀ ਚਾਹੀਦੀ ਹੈ, ਭਾਵੇਂ ਜਿਹੜਾ ਮਰਜੀ ਕਰੇ। ਮੈਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਹਿੰਦੇ ਕਿ ਧਾਰਮਿਕ ਮਾਮਲਿਆਂ ਵਿੱਚ

ਬਾਕੀ ਸਫ਼ਾ 10 'ਤੇ

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 202

Website: www.preetnama.com Email preetnamausa@gmail.com

24 MAY TO 1 JUNE, 2023


# Long Island Punjabi Circle Inc. Hicksville successfully celebrated 3rd Vaisakhi Mela.

**- Thousands of people attended this awesome event. -Famous Punjabi Singers sung their Famous songs.**












Photos by Thakur Photograhper








NewYork- Long Island Punjabi Circle Inc. Circle Hicksville NewYork celebrated 3rd Vaisakhi Mela on May 21st, 2023 Sunday in Eisenhower Park East Meadow . It was super hit event. More than ten thousand people attend this Mela. Not Just Indian Community infect all communities like white , Spanish , Bengali, Pakistani, & all other enjoyed this Mela. Thousands of Vendors made stall there . Jewelry Stall, Dresses Stall , punjabi jutti stall were attracting to everyone. People enjoyed Indian food . "Mela Team arranged free rides , ice cream and popcorn for kids. They had raffle prize too. Famous punjabi Singers Miss Pooja, Maninder Deol, Geeta Zaildar & Happy Raikoti entertained people by their songs. Nassau county Supervisior and other leaders also join this Mela. Preetnama and all other media did coverage of this Mela."Mela Team Onkar Singh , Rajiv Maini , Jay Singh , Deepak Sharma & Jay Sharma Thanked to all guests and public for make this fair successful.





# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 202

Website: www.preetnama.com Email preetnamausa@gmail.com

24 MAY TO 1 JUNE, 2023

# Long Island Punjabi Circle Inc. Hicksville successfully celebrated 3rd Vaisakhi Mela.

**- Thousands of people attended this awesome event. -Famous Punjabi Singers sung their Famous songs.**











Photos by Thakur Photograhper








Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 202
Website: www.preetnama.com Email preetnamausa@gmail.com
24 MAY TO 1 JUNE, 2023

# Long Island Punjabi Circle Inc. Hicksville successfully celebrated 3rd Vaisakhi Mela.

**- Thousands of people attended this awesome event. -Famous Punjabi Singers sung their Famous songs.**








Photos by Thakur Photograhper








# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 202

Website: www.preetnama.com Email preetnamausa@gmail.com

24 MAY TO 1 JUNE, 2023


ਗੁਰ ਅਰਜਨ ਵਿਟਹੁ ਕੁਰਬਾਣੀ ॥

ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥

**GURDWARA SAHIB BABA MAKHAN SHAH LOBANA SIKH CENTER**

**113-10 Punjab Ave, South Richmond Hill, NY 11419**

ਗੁਰਦੁਆਰਾ ਸਾਹਿਬ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ

## ਸ਼ਹੀਦਾਂ ਦੇ ਸਰਤਾਜ ਸ਼ਾਂਤੀ ਦੇ ਪੁੰਜ ਬਾਣੀ ਕੇ ਬੋਹਿਥ

# ਸ਼੍ਰੀ ਗੁਰੂ ਅਰਜਨ ਦੇਵ ਜੀ ਦਾ



# ਸ਼ਹੀਦੀ ਪੁਰਬ

## 28 ਮਈ 2023 ਦਿਨ ਐਤਵਾਰ

10 ਵਜੇ ਤੋਂ ਲੈ ਕੇ ਦੁਪਿਹਰ 3 ਵਜੇ ਤੱਕ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ।

ਆਰੰਭ ਸ੍ਰੀ ਅਖੰਡ ਪਾਠ 26 ਮਈ ਦਿਨ ਸ਼ੁਕਰਵਾਰ ਸਵੇਰੇ 10:30 ਵਜੇ
ਸਮਾਪਤੀ ਸ੍ਰੀ ਅਖੰਡ ਪਾਠ 28 ਮਈ ਦਿਨ ਐਤਵਾਰ ਸਵੇਰੇ 10:00 ਵਜੇ ਉਪਰੰਤ ਦੁਪਹਿਰ 1:00 ਵਜੇ ਤਕ ਦੀਵਾਨ ਸਜਣਗੇ ।

### ਵਿਸ਼ੇਸ਼ ਪ੍ਰੋਗਰਾਮ

28 ਮਈ ਦਿਨ ਐਤਵਾਰ ਨੂੰ ਡਾ: ਸੁਖਪ੍ਰੀਤ ਸਿੰਘ ਉਦੋਕੇ
ਗੁਰੂ ਅਰਜਨ ਦੇਵ ਜੀ ਦੀ ਸ਼ਹਿਦੀ ਬਾਰੇ ਜਾਨਕਾਰੀ ਦੇਣਗੇ ।





**ਬੇਨਤੀ ਕਰਤਾ :**

Daler Singh (President) 917-849-9033

Sukhjinder Singh Rimpy (Gen. Secretary) 917-578-6004

Amrik Singh Morthly (Chairman) 917 548 3190

ਅਤੇ ਸੁੰਮਹ ਗੁਰਦੁਆਰਾ ਪ੍ਰਬੰਧਕ ਕਮੇਟੀ

Print & Design by: PrintLinkers.com : 347-475-5555 (Dilpreet Singh)

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 202

Website: www.preetnama.com Email preetnamausa@gmail.com

24 MAY TO 1 JUNE, 2023




# ਮੈਰੀਲੈਂਡ ਸੂਬੇ ਦੇ ਗਵਰਨਰ ਵੈੱਸ ਮੋਰ ਨੇ ਸਿੱਖਸ ਆਫ ਅਮੈਰਿਕਾ ਨੂੰ ਕੌਕਟੇਲ ਰਿਸੈਪਸ਼ਨ ਲਈ ਦਿੱਤਾ ਸੱਦਾ

## ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ ’ਚ ਸਮੂਹ ਮੈਂਬਰ ਹੋਏ ਸ਼ਾਮਿਲ





ਵਾਸ਼ਿੰਗਟਨ ਡੀ.ਸੀ. (ਰਾਜ ਗੋਗਨਾ )-ਬੀਤੇ ਦਿਨ ਮੈਰੀਲੈਂਡ ਰਾਜ ਦੇ ਗਵਰਨਰ ਵੈੱਸ ਮੋਰ ਨੇ ਏਸ਼ੀਅਨ ਪੈਸਿਫ਼ਿਕ ਹੈਰੀਟੇਜ ਮੰਥਸਫਲਤਾਪੂਰਵਕ ਮਨਾਉਣ ’ਤੇ ਗਵਰਨਰ ਹਾਊਸ ਵਿਚ ਦਿੱਤੀ ਗਈ ਕੌਕਟੇਲ ਰਿਸੈਪਸ਼ਨ ’ਚ ਸ਼ਾਮਿਲ ਹੋਣ ਲਈ ਸਿੱਖਸ ਆਫ ਅਮੈਰਿਕਾ ਨੂੰ ਵਿਸ਼ੇਸ਼ ਤੌਰ ’ਤੇ ਸੱਦਾ ਦਿੱਤਾ। ਇਸ ਸੱਦੇ ਨੂੰ ਕਬੂਲਦਿਆਂ ਸਿੱਖਸ ਆਫ ਅਮੈਰਿਕਾ ਅਤੇ ਗਵਰਨ’ਸ ਕਮਿਸ਼ਨ ਆਨ ਸਾਊਥ ਏਸ਼ੀਆ ਦੇ ਚੇਅਰਮੈਨ ਸ੍ਰ. ਜਸਦੀਪ ਸਿੰਘ ਜੱਸੀ ਆਪਣੇ ਸਾਥੀਆਂ ਵਾਈਸ ਪ੍ਰਧਾਨ ਬਲਜਿੰਦਰ ਸਿੰਘ ਸ਼ੰਮੀ ਅਤੇ ਸਾਜਿਦ ਤਰਾਰ ਵੀ ਸ਼ਾਮਿਲ ਹੋਏ। ਮੈਰੀਲੈਂਡ ਦੇ ਸਿੱਖ ਆਗੂ ਬਖਸ਼ੀਸ਼ ਸਿੰਘ ਵੀ ਇਸ ਸਮਾਗਮ ’ਚ ਪਹੁੰਚੇ। ਗਵਰਨਰ ਵੈੱਸ ਮੋਰ ਅਤੇ ਲੈਫਟੀਨੈਂਟ ਗਵਰਨਰ ਅਰੁਣਾ ਮਿਲਰ ਵਲੋਂ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ ਇਸ ਰਿਸੈਸ਼ਪਸ਼ਨ ’ਚ ਹੋਰਨਾਂ ਤੋਂ ਇਲਾਵਾ ਗਵਰਨਰ ਦਫ਼ਤਰ ਦੇ ਮੈਰੀਲੈਂਡ ਸੈਕਟਰੀ ਆਫ਼ ਸਟੇਟ ਸੁਜਨ ਸੀ ਲੀ, ਜਨਰਲ ਸਰਵਿਸਿਜ਼ ਦੇ ਮੈਰੀਲੈਂਡ ਸੈਕਟਰੀ ਆਤਿਫ਼ ਟੀ. ਚੌਧਰੀ, ਲੈਰੀ ਵਾਕਰ ਐਗਜ਼ੈਕਟਿਵ ਡਾਇਰੈਕਟਰ ਕਮਿਉਨਿਟੀ ਇਨੀਸ਼ੀਏਟਿਵ, ਮੈਰੀਲੈਂਡ ਉੱਚ ਸਿੱਖਿਆ ਦੇ ਸੈਕਟਰੀ ਸੰਜੇ ਰਾਏ, ਮਿੰਟਗੁਮਰੀ ਕਾਉਂਟੀ ਦੇ ਸ਼ੈਰਿਫ਼, ਸੈਨੇਟਰ ਕਲੈਰੈਂਸ ਲੈਮ ਵੀ ਸ਼ਾਮਿਲ ਹੋਏ। ਇਸ ਮੌਕੇ ਗਵਰਨਰ ਵੈੱਸ ਮੋਰ ਅਤੇ ਲੈਫਟੀਨੈਂਟ ਗਵਰਨਰ ਅਰੁਣਾ ਮਿਲਰ ਵਲੋਂ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਅਤੇ ਏਸ਼ੀਅਨ ਪੈਸਿਫ਼ਿਕ ਹੈਰੀਟੇਜ ਮੰਥ ਸਫਲਤਾਪੂਰਵਕ ਮਨਾਏ ਜਾਣ ਵਿਚ ਸਹਿਯੋਗ ਦੇਣ ਲਈ ਸਭ ਦਾ ਧੰਨਵਾਦ ਕੀਤਾ ਗਿਆ।



# ਵਾਇਰਲ ਕੀਤੇ ਜੇਲ੍ਹ ਦੀਆਂ ਤਸਵੀਰਾਂ ਅਤੇ ਵੀਡੀਓ

ਫ਼ਿਰੋਜ਼ਪੁਰ: ਪੰਜਾਬ ਦੀਆਂ ਜੇਲ੍ਹਾਂ ਐਲਰਟ ’ਤੇ ਚੱਲ ਰਹੀਆਂ ਹਨ ਅਤੇ ਜੇਲ੍ਹਾਂ ’ਚ ਸਖ਼ਤੀ ਦੇ ਬਾਵਜੂਦ ਫ਼ਿਰੋਜ਼ਪੁਰ ਜੇਲ੍ਹ ’ਚ ਬੰਦ ਦੋ ਹਵਾਲਾਤੀਆਂ ਅਜੇ ਜੀਤਰਾਮ ਅਤੇ ਲਖਨ ਵਲੋਂ ਪੁਰਾਣੀ ਬੈਰਕ ਨੰਬਰ 7 ’ਚੋਂ ਫ਼ੋਟੋ ਅਤੇ ਵੀਡੀਓ ਵਾਇਰਲ ਕੀਤੀਆਂ ਗਈਆਂ ਹਨ ਜਿਸ ਨੂੰ ਲੈ ਕੇ ਜੇਲ੍ਹ ਅਧਿਕਾਰੀਆਂ ਵਲੋਂ ਦਿੱਤੀ ਗਈ ਲਿਖਤੀ ਸ਼ਿਕਾਇਤ ਦੇ ਆਧਾਰ ’ਤੇ ਥਾਣਾ ਸਿਟੀ ਫ਼ਿਰੋਜ਼ਪੁਰ ਦੀ ਪੁਲੀਸ ਨੇ ਅਜੈ ਜੀਤਰਾਮ ਅਤੇ ਲਖਨ ਪੁੱਤਰ ਪਰਮਜੀਤ ਦੇ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ ਅਤੇ ਜੇਲ੍ਹ ਪ੍ਰਸ਼ਾਸਨ ਨੇ ਤਲਾਸ਼ੀ ਕਰਦੇ ਹੋਏ ਜੇਲ੍ਹ ’ਚੋਂ ਚਾਰ ਮੋਬਾਇਲ ਫ਼ੋਨ ਵੀ ਬਰਾਮਦ ਕੀਤੇ ਹਨ ਅਤੇ ਇਕ ਹਵਾਲਾਤੀ ਤੋਂ ਇੱਕ ਢੱਕਣ ਤੰਬਾਕੂ ਬਰਾਮਦ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਿਟੀ ਫ਼ਿਰੋਜ਼ਪੁਰ ਦੇ $0 ਗੁਰਮੇਲ ਸਿੰਘ ਨੇ ਦੱਸਿਆ ਕਿ ਥਾਣਾ ਸਿਟੀ ਦੀ ਪੁਲੀਸ ਨੂੰ ਦਿੱਤੀਆਂ ਗਈਆਂ ਵੱਖ-ਵੱਖ ਲਿਖਤੀ ਸ਼ਿਕਾਇਤਾਂ ਦੇ ਆਧਾਰ ’ਤੇ ਜੇਲ੍ਹ ਦੇ ਸਹਾਇਕ ਸੁਪਰਡੈਂਟ ਸੁਖਜਿੰਦਰ ਸਿੰਘ ਅਤੇ ਜਸਵੀਰ ਸਿੰਘ, ਅਜੈ ਜੀਤ, ਲਖਨ, ਪ੍ਰਦੀਪ ਉਰਫ਼ ਸੋਨੂੰ, ਹਵਾਲਾਤੀ ਅਰੁਣ ਸਹੋਤਾ ਅਤੇ ਅਣਪਛਾਤੇ ਵਿਅਕਤੀ ਖ਼ਿਲਾਫ਼ ਤਿੰ ਵੱਖ-ਵੱਖ ਮਾਮਲੇ ਦਰਜ ਕੀਤੇ ਗਏ ਹਨ।ਜੇਲ੍ਹ ਪ੍ਰਸ਼ਾਸਨ ਵਲੋਂ ਭੇਜੇ ਲਖਤੀ ਪੱਤਰ ’ਚ ਦੱਸਿਆ ਗਿਆ ਹੈ ਕਿ ਉਨ੍ਹਾਂ





ਨੂੰ ਗੁਪਤ ਸੂਚਨਾ ਮਿਲੀ ਸੀ ਕਿ ਬਲਾਕ ਨੰਬਰ 1 ’ਚ ਬੰਦ ਹਵਾਲਾਤੀ ਅਜੈ ਜੀਤ ਰਾਮ ਨੇ ਜੇਲ੍ਹ ਦੇ ਅੰਦਰੋਂ ਫ਼ੋਟੋ ਅਤੇ ਵੀਡੀਓ ਵਾਇਰਲ ਕੀਤੀਆਂ ਹਨ ਜਿਸ ਤੋਂ ਬਾਅਦ ਪੁੱਛਗਿੱਛ ਕਰਨ ’ਤੇ ਉਸ ਨੇ ਮੰਨਿਆ ਹੈ ਕਿ ਉਸ ਨੇ ਲਖਨ ਪੁੱਤਰ ਪਰਮਜੀਤ ਨਾਲ ਮਿਲ ਕੇ ਪੁਰਾਣੀ ਬੈਰਕ ਨੰਬਰ 7 ਤੋਂ ਇਹ ਫ਼ੋਟੋਆਂ ਅਤੇ ਵੀਡੀਓਜ਼ ਵਾਇਰਲ ਕੀਤੇ। ਕਾਬੂ ਕੀਤੇ ਵਿਅਕਤੀ ਲਖਨ ਦੀ ਤਲਾਸ਼ੀ ਲੈਣ ’ਤੇ ਉਸ ਪਾਸੋਂ ਇੱਕ ਓਪੋ ਟੱਚ ਸਕਰੀਨ ਮੋਬਾਇਲ ਫ਼ੋਨ ਬਿਨਾਂ ਸਿਮ ਕਾਰਡ ਤੋਂ ਬਰਾਮਦ ਹੋਇਆ।$0 ਗੁਰਮੇਲ ਸਿੰਘ ਨੇ ਦੱਸਿਆ ਕਿ ਸਹਾਇਕ ਸੁਪਰਇਨਟੈਨਡੈਂਟ ਵਲੋਂ ਪੁਲੀਸ ਨੂੰ ਦਿੱਤੀ ਲਿਖਤੀ ਸ਼ਿਕਾਇਤ ’ਚ ਦੱਸਿਆ ਗਿਆ ਹੈ ਕਿ ਉਸ ਨੇ ਜੇਲ੍ਹ ਸਟਾਫ਼ ਨਾਲ ਮਿਲ ਕੇ ਪੁਰਾਣੀ ਬੈਰਕ ਨੰਬਰ ਇੱਕ ਦੀ ਤਲਾਸ਼ੀ ਲਈ ਤਾਂ ਤਲਾਸ਼ੀ ਦੌਰਾਨ ਹਵਾਲਾਤੀ ਅਰੁਣ ਸਹੋਤਾ ਪਾਸੋਂ ਇੱਕ ਸਿਮ ਕਾਰਡ ਦੇ ਨਾਲ ਸੈਮਸੰਗ ਕੀਪੈਡ ਮੋਬਾਇਲ ਫ਼ੋਨ ਮਿਲਿਆ ਅਤੇ ਤਲਾਸ਼ੀ ਲੈਣ ’ਤੇ ਵੱਖ-ਵੱਖ ਥਾਵਾਂ ਤੋਂ ਸਿਮ ਕਾਰਡ ਅਤੇ ਬੈਟਰੀ ਤੋਂ ਬਿਨਾਂ ਦੋ ਮੋਬਾਇਲ ਫ਼ੋਨ ਬਰਾਮਦ ਹੋਏ। ਉਨ੍ਹਾਂ ਦੱਸਿਆ ਕਿ ਪੇਸ਼ੀ ਦੇ ਲਈ ਜ਼ੀਰਾ ਲਿਜਾਏ ਗਏ ਹਵਾਲਾਤੀ ਪ੍ਰਦੀਪ ਸਿੰਘ ਉਰਫ਼ ਸੋਨੂੰ ਨੂੰ ਜਦ ਜ਼ੀਰਾ ਅਦਾਲਤ ’ਚ ਪੇਸ਼ ਕਰਨ ਤੋਂ ਬਾਅਦ ਵਾਪਿਸ ਜੇਲ੍ਹ ਲਿਆਂਦਾ ਗਿਆ ਤਾਂ ਤਲਾਸ਼ੀ ਲੈਣ ’ਤੇ ਉਸ ਕੋਲੋਂ ਇੱਕ ਤੰਬਾਕੂ ਦਾ ਢੱਕਣ ਬਰਾਮਦ ਹੋਇਆ।

# ਜਲੰਧਰ ਚੋਣ ਹਾਰਨ ਮਗਰੋਂ ਭਾਜਪਾ ਨੇਤਾਵਾਂ ਨੂੰ ਕੋਈ ਚਿੰਤਾ ਨਹੀਂ

ਜਲੰਧਰ: ਹੁਣੇ ਜਿਹੇ ਹੋਈ ਜਲੰਧਰ ਦੀ ਲੋਕ ਸਭਾ ਉਪ-ਚੋਣ ’ਚ ਕਾਂਗਰਸ ਨੂੰ ਛੱਡ ਕੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਆਪਣੇ ਅਨੁਮਾਨ ਨਾਲੋਂ ਵੱਧ ਸਫ਼ਲਤਾ ਮਿਲੀ। ਆਮ ਆਦਮੀ ਪਾਰਟੀ ਨੇ ਜਿੱਤ ਹਾਸਲ ਕੀਤੀ ਤਾਂ ਦੂਜੇ ਪਾਸੇ ਭਾਜਪਾ ਤੇ ਅਕਾਲੀ ਦਲ ਦਾ ਵੋਟ ਫ਼ੀਸਦੀ ਲਗਭਗ ਬਰਾਬਰ ਰਿਹਾ ਪਰ ਸਭ ਤੋਂ ਜ਼ਿਆਦਾ ਸਵਾਲ ਭਾਜਪਾ ਨੂੰ ਲੈ ਕੇ ਹੀ ਖੜ੍ਹੇ ਹੋ ਰਹੇ ਹਨ ਕਿਉਂਕਿ ਪਾਰਟੀ ਦੇ ਕੇਂਦਰੀ ਨੇਤਾਵਾਂ ਨੇ ਜਿਸ ਤਰ੍ਹਾਂ ਪੂਰੀ ਤਾਕਤ ਲਗਾ ਦਿੱਤੀ, ਉਸ ਮੁਤਾਬਿਕ ਪੰਜਾਬ ਅਤੇ ਜਲੰਧਰ ਦੀ ਟੀਮ ਕੰਮ ਨੂੰ ਅੰਜਾਮ ਨਹੀਂ ਦੇ ਸਕੀ। ਪਾਰਟੀ ਦੀ ਹਾਰ ਤੋਂ ਬਾਅਦ ਕੋਈ ਬੈਠਕ ਜਾਂ ਚਿੰਤਨ-ਮੰਥਨ ਨਹੀਂ ਹੋਇਆ ਜਦੋਂਕਿ ਕਾਂਗਰਸ ਅਤੇ ਹੋਰ ਪਾਰਟੀਆਂ ਨੇ ਬਾਕਾਇਦਾ ਹਾਰ ’ਤੇ ਬੈਠਕਾਂ ਕੀਤੀਆਂ।

ਭਾਜਪਾ ਨੇ ਜਿਹੜੀ 15-20 ਦਿਨ ਦੀ ਚੋਣ ਮੁਹਿੰਮ ਚਲਾਈ, ਉਸ ’ਚ ਕਈ ਵੱਡੀਆਂ ਕਮੀਆਂ ਅਤੇ ਖ਼ਾਮੀਆਂ ਰਹੀਆਂ ਜਿਨ੍ਹਾਂ ਦਾ ਖ਼ਾਮਿਆਜ਼ਾ ਪਾਰਟੀ ਨੇ ਭੁਗਤਿਆ ਅਤੇ ਉੱਪਰੋਂ ਹੈਰਾਨੀ ਦੀ ਗੱਲ ਕਿ ਨੇਤਾਵਾਂ ਨੂੰ ਨਾ ਕੋਈ ਚਿੰਤਾ ਹੈ ਅਤੇ ਨਾ ਹੀ ਇਸ ’ਤੇ ਕੋਈ ਚਿੰਤਨ ਕਰਨ ਲਈ ਤਿਆਰ ਹੈ।




**ਹੋਟਲ ਹੀ ਬਣਿਆ ਰਿਹਾ ਚਰਚਾ ਦਾ ਵਿਸ਼ਾ**

ਜਲੰਧਰ ’ਚ ਭਾਜਪਾ ਦੇ ਵੱਡੇ ਨੇਤਾਵਾਂ ਲਈ ਦੋ ਵੱਖ-ਵੱਖ ਹੋਟਲ ਬੁੱਕ ਕਰਵਾਏ ਗਏ ਸਨ, ਪਰ ਇਸੇ ਆੜ ’ਚ ਪੰਜਾਬ ਦੇ ਅਤੇ ਕੁੱਝ ਸਥਾਨਕ ਨੇਤਾਵਾਂ ਦੀ ਵੀ ਮੌਜ ਲੱਗ ਗਈ ਜਿਸ ਦਾ ਅਸਰ ਇਹ ਹੋਇਆ ਕਿ ਵੋਟਰ ਤਕ ਪਹੁੰਚ ਨਹੀਂ ਬਣ ਸਕੀ। ਜਲੰਧਰ ਦੇ ਇੱਕ ਸਥਾਨਕ ਨੇਤਾ ਦੀ ਡਿਊਟੀ ਹੋਟਲਾਂ ਦਾ ਪ੍ਰਬੰਧ ਕਰਨ ’ਚ ਲੱਗੀ ਸੀ, ਪਰ ਹੈਰਾਨੀ ਦੀ ਗੱਲ ਹੈ ਕਿ ਉਹ ਨੇਤਾ ਲੋਕਾਂ ਨੂੰ ਮਿਲਣ ਦੀ ਬਜਾਏ ਪੂਰਾ ਦਿਨ ਹੋਟਲ ਦੇ ਕਮਰੇ ’ਚ ਬੈਠ ਕੇ ਸਮਾਂ ਬਿਤਾਉਂਦਾ ਰਿਹਾ।

ਆਪਣੇ ਕੰਮ ਅਤੇ ਮੋਦੀ ਸਰਕਾਰ ਦੀਆਂ ਨੀਤੀਆਂ ਨੂੰ ਲੋਕਾਂ ਤਕ ਪਹੁੰਚਾਉਣ ’ਚ ਭਾਜਪਾ ਪੂਰੀ ਤਰ੍ਹਾਂ ਫ਼ਲੌਪ ਰਹੀ। ਜਲੰਧਰ ’ਚ ਲੋਕ ਸਭਾ ਚੋਣ ਜਿੱਤਣ ਦਾ ਆਮ ਲੋਕਾਂ ਨੂੰ ਕੀ ਫ਼ਾਇਦਾ ਮਿਲ ਸਕਦਾ ਹੈ, ਪਾਰਟੀ ਆਪਣਾ ਇਹ ਸੁਨੇਹਾ ਹੀ ਲੋਕਾਂ ਤਕ ਨਹੀਂ ਪਹੁੰਚਾ ਸਕੀ। ਮੀਡੀਆ ਮੈਨੇਜਮੈਂਟ ਲਈ ਲੱਖਾਂ ਰੁਪਏ ਆਏ, ਪਰ ਉਹ ਵੀ ਕੁੱਝ ਚਹੇਤੇ ਪੋਰਟਲ ਵਾਲਿਆਂ ’ਚ ਵੰਡ ਦਿੱਤੇ ਗਏ। ਮੀਡੀਆ ਨਾਲ ਸਬੰਧਤ ਜਿਹੜੀ ਸੂਚੀ ਉੱਪਰ ਭੇਜੀ ਗਈ, ਉਸ ’ਚ ਹਰ ਨਿਊਜ਼ ਪੋਰਟਲ ਲਈ 25 ਤੋਂ 50 ਹਜ਼ਾਰ ਰੁਪਏ ਤਕ ਦੀ ਰਕਮ ਤੈਅ ਕੀਤੀ ਗਈ ਸੀ ਤਾਂ ਜੋ ਉਹ ਲੋਕ ਪਾਰਟੀ ਦਾ ਪ੍ਰਚਾਰ ਕਰ ਸਕਣ ਪਰ ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਵਿੱਚੋਂ ਅੱਧੇ ਨਿਊਜ਼ ਪੋਰਟਲ ਤਕ ਹੀ ਪੇਮੈਂਟ ਪਹੁੰਚੀ ਅਤੇ ਉਹ ਵੀ ਸਿਰਫ਼ ਪੰਜ ਹਜ਼ਾਰ ਰੁਪਏ ਜਦੋਂਕਿ ਹੋਰ ਨਿਊਜ਼ ਪੋਰਟਲ ਵਾਲੇ ਭਾਜਪਾ ਦੇ ਪੱਖ ’ਚ ਪ੍ਰਚਾਰ ਹੀ ਨਹੀਂ ਕਰ ਸਕੇ।

ਭਾਜਪਾ ਦੇ ਨੇਤਾ ਹੋਟਲ ’ਚ ਸਵੇਰੇ-ਸ਼ਾਮ ਬੈਠਕਾਂ ਕਰਦੇ ਸਨ, ਪਰ ਉਨ੍ਹਾਂ ਬੈਠਕਾਂ ’ਚ ਹੋਣ ਵਾਲੀ ਚਰਚਾ ਨੂੰ ਅੰਜਾਮ ਦੇਣ ਵਾਲਾ ਕੋਈ ਨਹੀਂ ਸੀ। ਕੇਂਦਰੀ ਨੇਤਾ ਅਤੇ ਵੱਡੇ ਅਹੁਦੇਦਾਰ ਤਾਂ ਯੋਜਨਾ ਬਣਾ ਸਕਦੇ ਸਨ, ਉਸ ਯੋਜਨਾ ਨੂੰ ਲਾਗੂ ਕਰਨਾ ਤਾਂ ਪੰਜਾਬ ਜਾਂ ਜਲੰਧਰ ਦੀ ਟੀਮ ਦੇ ਹੱਥ ’ਚ ਸੀ ਅਤੇ ਇਹ ਲੋਕ ਇੱਥੇ ਹੀ ਅਸਫ਼ਲ ਹੋ ਗਏ। ਪਾਰਟੀ ਦੇ ਨੇਤਾ ਆਮ ਵਰਕਰ ਅਤੇ ਆਮ ਵੋਟਰ ਤਕ ਪਹੁੰਚ ਹੀ ਨਹੀਂ ਬਣਾ ਸਕੇ। ਸ਼ਹਿਰਾਂ ’ਚ ਪਾਰਟੀ ਦੀ ਪੁਜ਼ੀਸ਼ਨ ਕੁੱਝ ਠੀਕ ਸੀ ਤਾਂ ਵੋਟ ਮਿਲ ਗਈ, ਪਰ ਪਿੰਡਾਂ ’ਚ ਜਿਸ ਤਰ੍ਹਾਂ ਦੇ ਦਾਅਵੇ ਕੇਂਦਰ ਤੋਂ ਆਈਆਂ ਟੀਮਾਂ ਸਾਹਮਣੇ ਕੀਤੇ ਜਾਂਦੇ ਰਹੇ, ਉਹ ਸਭ ਖੋਖਲੇ ਸਾਬਿਤ ਹੋਏ।

ਹੈਰਾਨੀ ਦੀ ਗੱਲ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇਸ਼ ਭਰ ’ਚ ਕਿਸੇ ਵੀ ਬਿਹਤਰ ਕੰਮ ਕਰਨ ਵਾਲੇ ਵਿਅਕਤੀ ਨੂੰ ਮਨ ਕੀ ਬਾਤ ਪ੍ਰੋਗਰਾਮ ਨਾਲ ਜੋੜਨ ਲਈ ਲੱਭ ਹੀ ਲੈਂਦੇ ਹਨ, ਅਤੇ ਜਲੰਧਰ ’ਚ ਹਾਲ ਇਹ ਸੀ ਕਿ ਸਥਾਨਕ ਨੇਤਾ ਆਪਣੇ ਵੋਟਰ ਨੂੰ ਹੀ ਨਹੀਂ ਲੱਭ ਸਕੇ।

**ਸ਼ੇਕ ਅਤੇ ਮਹਿੰਗੇ ਫਲਾਂ ਦੇ ਦੀਵਾਨੇ ਨੇਤਾ ਜੀ**

ਜਲੰਧਰ ਦੀ ਚੋਣ ਦੌਰਾਨ ਨਾਮਦੇਵ ਚੌਂਕ ਨੇੜੇ ਇੱਕ ਹੋਟਲ ’ਚ ਪੰਜਾਬ ਅਤੇ ਜਲੰਧਰ ਦੇ ਕੁੱਝ ਨੇਤਾਵਾਂ ਨੇ ਡੇਰਾ ਲਾਇਆ ਹੋਇਆ ਸੀ। ਇਨ੍ਹਾਂ ਨੇਤਾਵਾਂ ਦਾ ਚੋਣ ਰਣਨੀਤੀ ਵੱਲ ਧਿਆਨ ਘੱਟ ਸੀ, ਪਰ ਸ਼ੇਕ ਅਤੇ ਮਹਿੰਗੇ ਫ਼ਲਾਂ ਦੀ ਦੀਵਾਨਗੀ ’ਚ ਉਹ ਜ਼ਿਆਦਾ ਗੁਆਚੇ ਹੋਏ ਸਨ। ਇੱਕ ਨੇਤਾ ਜੀ ਤਾਂ ਰੋਜ਼ ਆਪਣੀ ਸਵੇਰ ਦੀ ਸ਼ੁਰੂਆਤ ਮਹਿੰਗੇ ਫ਼ਲਾਂ ਨਾਲ ਕਰਦੇ ਤਾਂ ਉਨ੍ਹਾਂ ਨੂੰ ਸ਼ਾਮ ਪੈਂਦਿਆਂ ਹੀ ਮੈਂਗੋ ਸ਼ੇਕ ਚਾਹੀਦਾ ਹੁੰਦਾ ਸੀ। ਇਸ ਦੇ ਲਈ ਬਾਕਾਇਦਾ ਕੁੱਝ ਸਥਾਨਕ ਨੇਤਾਵਾਂ ਦੀ ਪੱਕੀ ਡਿਊਟੀ ਲੱਗੀ ਸੀ ਜੋ ਨੇਤਾ ਜੀ ਅਤੇ ਹੋਰ ਲੋਕਾਂ ਲਈ ਸ਼ੇਕ ਅਤੇ ਫ਼ਲਾਂ ਦਾ ਪ੍ਰਬੰਧ ਕਰਦੇ।

# ਹਫ਼ਤਾਵਾਰੀ ਪ੍ਰੀਤਨਾਮਾ

Weekly Preetnama www.preetnama.com
+1 (201) 312-4180





PRITPAL KAUR
Editor-In-Chief
+1 201-312-4180
+1 917-328-8436



ADVISORY BOARD
ਜੋਗਾ ਸਿੰਘ
******************************
ਜਸਵਿੰਦਰ ਸਿੰਘ ਨਿਊਜਰਸੀ
******************************
ਗੁਰਮੀਤ ਸਿੰਘ ਧਲਵਾਨ ਸ਼ਿਕਾਗੋ
******************************
ਜੀ. ਐਸ ਸਿੰਘ ਪੰਜਾਬ
******************************
ਸੁਜਾਨ ਨਾਗ, ਯੂ.ਐਸ.ਏ.
*******************
ਸਰਬਜੀਤ ਕੌਰ ਪੰਜਾਬ
**********************
ਸੁਖਮੰਦਰ ਬਰਾੜ
(ਭਗਤਾ ਭਾਈਕਾ) ਵੈਨਕੂਵਰ,
******************************
ਗਗਨਦੀਪ ਸਿੰਘ
ਗ੍ਰਾਫਿਕ ਡਿਜ਼ਾਇਨਰ
9592398822
******************************



ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles


ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।


Preetnamausa@gmail.com
www.preetnama.com


# "ਸਾਨੂੰ ਭੋਜਨ ਚਾਹੀਦਾ ਹੈ, ਤੰਬਾਕੂ ਨਹੀਂ"



ਸੁਰਜੀਤ ਸਿੰਘ ਫਲੋਰਾ

ਤੰਬਾਕੂ ਇੱਕ ਹਾਨੀਕਾਰਕ ਪਦਾਰਥ ਹੈ; ਤੰਬਾਕੂ ਚਬਾਉਣ ਜਾਂ ਪੀਣ ਨਾਲ ਕਈ ਬਿਮਾਰੀਆਂ ਹੋ ਸਕਦੀਆਂ ਹਨ।

ਤੰਬਾਕੂ ਦੀ ਵਰਤੋਂ ਕਾਰਨ ਹਰ ਸਾਲ ਦੁਨੀਆ ਭਰ ਵਿੱਚ ਲੱਖਾਂ ਲੋਕ ਕੈਂਸਰ ਨਾਲ ਮਰਦੇ ਹਨ, ਇਸ ਲਈ ਤੰਬਾਕੂਨੋਸ਼ੀ ਕਾਰਨ ਹੋਣ ਵਾਲੇ ਨੁਕਸਾਨਾਂ ਤੋਂ ਜਾਣੂ ਹੋਣਾ ਬਹੁਤ ਜ਼ਰੂਰੀ ਹੈ। ਦਿਲ ਨਾਲ ਸਬੰਧਤ ਬਿਮਾਰੀਆਂ ਵਿੱਚ ਵਾਧਾ ਜ਼ਿਆਦਾਤਰ ਸਿਗਰਟਨੋਸ਼ੀ ਕਾਰਨ ਹੁੰਦਾ ਹੈ।

ਤੰਬਾਕੂ ਵਿੱਚ ਨਿਕੋਟੀਨ ਹੁੰਦਾ ਹੈ, ਜੋ ਤੁਹਾਡੇ ਖ਼ੂਨ ਵਿੱਚ ਘੁੰਮਦਾ ਹੈ ਅਤੇ ਤੁਹਾਡੇ ਸਰੀਰ ਨੂੰ ਇਸਦਾ ਆਦੀ ਬਣਾਉਂਦਾ ਹੈ। ਤੰਬਾਕੂ ਵਿੱਚ ਪਾਇਆ ਜਾਣ ਵਾਲਾ ਨਿਕੋਟੀਨ ਮੂੰਹ ਰਾਹੀਂ ਦਾਖਲ ਹੋ ਕੇ ਤੁਹਾਡੇ ਫੇਫੜਿਆਂ, ਦਿਲ, ਪੇਟ ਅਤੇ ਖ਼ੂਨ ਦੀਆਂ ਨਾੜੀਆਂ ਨੂੰ ਗੰਭੀਰ ਨੁਕਸਾਨ ਪਹੁੰਚਾ ਸਕਦਾ ਹੈ।

**ਬਾਂਝਪਨ**

ਸਿਗਰਟਨੋਸ਼ੀ ਕਿਸੇ ਦੀ ਮੌਤ ਨੂੰ ਪ੍ਰਭਾਵਿਤ ਕਰ ਸਕਦੀ ਹੈ, ਜਿਸ ਨਾਲ ਗਰਭ ਧਾਰਨ ਕਰਨਾ ਮੁਸ਼ਕਲ ਹੋ ਜਾਂਦਾ ਹੈ। ਸਿਗਰਟਨੋਸ਼ੀ ਅਤੇ ਤੰਬਾਕੂ ਦੇ ਧੂੰਏਂ ਦੇ ਸੰਪਰਕ ਵਿੱਚ ਆਉਣ ਨਾਲ ਪ੍ਰਜਨਨ ਪ੍ਰਣਾਲੀ ਨੂੰ ਨੁਕਸਾਨ ਹੋ ਸਕਦਾ ਹੈ। ਇਹ ਸ਼ੁਕਰਾਣੂ ਵਿਚਲੇ ਡੀਐਨਏ ਨੂੰ ਵੀ ਨੁਕਸਾਨ ਪਹੁੰਚਾ ਸਕਦਾ ਹੈ। ਧੂੰਆਂ ਰਹਿਤ ਤੰਬਾਕੂ ਅੰਡਕੋਸ਼ ਦੇ ਕਾਰਜ,ਗੁਣਵੱਤਾ, ਅਤੇ ਹਾਰਮੋਨਲ ਨਿਯਮ ਨੂੰ ਪ੍ਰਭਾਵਿਤ ਕਰਦਾ ਹੈ। ਇਸ ਦਾ ਮਾਂ ਅਤੇ ਬੱਚੇ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਗਰਭ ਅਵਸਥਾ ਦੌਰਾਨ ਸਿਗਰਟਨੋਸ਼ੀ ਕਈ ਪੇਚੀਦਗੀਆਂ ਦੇ ਜੋਖਮ ਨੂੰ ਵਧਾਉਂਦੀ ਹੈ, ਜਿਵੇਂ ਕਿ ਸਮੇਂ ਤੋਂ ਪਹਿਲਾਂ ਜਨਮ ਅਤੇ ਜਣੇਪੇ, ਜਨਮ ਦੇ ਨੁਕਸਾਨ, ਅਚਾਨਕ ਬਾਲ ਮੌਤ ਸਿੰਡਰੋਮ , ਗਰਭਪਾਤ, ਅਤੇ ਐਕਟੋਪਿਕ ਗਰਭ ਅਵਸਥਾ ਆਦਿ।

**ਮੂੰਹ ਦੇ ਕੈਂਸਰ ਦੇ ਨਾਲ-ਨਾਲ ਹੋਰ ਕਿਸਮ ਦੇ ਕੈਂਸਰ ਦਾ ਖ਼ਤਰਾ**

ਜੇਕਰ ਤੁਸੀਂ ਹਰ ਰੋਜ਼ ਤੰਬਾਕੂ ਦੀ ਵਰਤੋਂ ਕਰਦੇ ਹੋ, ਤਾਂ ਇਸ ਨਾਲ ਮੂੰਹ ਦਾ ਕੈਂਸਰ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ। ਤੰਬਾਕੂ ਉਤਪਾਦਾਂ ਦਾ ਸੇਵਨ ਕਰਨ ਨਾਲ ਗੱਲ੍ਹਾਂ, ਮਸੂੜਿਆਂ ਅਤੇ ਜੀਭ ਦਾ ਕੈਂਸਰ ਹੋ ਸਕਦਾ ਹੈ। ਇਨ੍ਹਾਂ ਤੋਂ ਇਲਾਵਾ ਤੰਬਾਕੂ ਦੇ ਸੇਵਨ ਕਾਰਨ ਗਲੇ, ਗੁਰਦੇ ਅਤੇ ਪੈਨਕ੍ਰੀਆਟਿਕ ਕੈਂਸਰ ਵੀ ਦੇਖਣ ਨੂੰ ਮਿਲਦੇ ਹਨ। ਬਹੁਤ ਸਾਰੇ ਅਧਿਐਨ ਹੋਏ ਹਨ ਜੋ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਤੰਬਾਕੂ ਦੀ ਵਰਤੋਂ ਇਨਸੁਲਿਨ ਪ੍ਰਤੀਰੋਧ, ਹਾਈ ਬਲੱਡ ਪ੍ਰੈਸ਼ਰ, ਪੁਰਾਣੀ ਸਾਹ ਦੀ ਬਿਮਾਰੀ, ਅਤੇ ਓਸਟੀਓਪੋਰੋਸਿਸ ਦਾ ਕਾਰਨ ਬਣਦੀ ਹੈ।

ਵਿਸ਼ਵ ਸਿਹਤ ਸੰਗਠਨ ਤੰਬਾਕੂ ਦੀ ਵਰਤੋਂ ਵਿਰੁੱਧ ਚੇਤਾਵਨੀ ਦੇਣ ਅਤੇ ਜਾਨਾਂ ਬਚਾਉਣ ਲਈ 31 ਮਈ ਨੂੰ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਉਂਦਾ ਹੈ।

31 ਮਈ, 2023 ਨੂੰ ਵਿਸ਼ਵ ਤੰਬਾਕੂ ਰਹਿਤ ਦਿਵਸ ਲਈ 'ਸਾਨੂੰ ਭੋਜਨ ਦੀ ਲੋੜ ਹੈ, ਤੰਬਾਕੂ ਦੀ ਨਹੀਂ" ਥੀਮ ਹੈ। ਇਸ ਸਾਲ ਦਾ ਇਸ਼ਤਿਹਾਰ ਤੰਬਾਕੂ ਉਤਪਾਦਕਾਂ ਲਈ ਬਦਲਵੀਂ ਫ਼ਸਲ ਦੀ ਕਾਸ਼ਤ ਅਤੇ ਮੰਡੀਕਰਨ 'ਤੇ ਜ਼ੋਰ ਦਿੰਦਾ ਹੈ। ਅਸੀਂ ਟਿਕਾਊ ਅਤੇ ਪੌਸ਼ਟਿਕ ਖੇਤੀ ਦਾ ਸਮਰਥਨ ਕਰਕੇ ਇੱਕ ਸਿਹਤਮੰਦ ਅਤੇ ਅਮੀਰ ਭਵਿੱਖ ਸੁਰੱਖਿਅਤ ਕਰ ਸਕਦੇ ਹਾਂ।

ਇੱਕ ਸਰਵੇਖਣ ਅਨੁਸਾਰ 40 ਫੀਸਦੀ ਕੈਂਸਰ ਤੰਬਾਕੂ ਦੀ ਵਰਤੋਂ ਨਾਲ ਹੁੰਦੇ ਹਨ। ਤੰਬਾਕੂ 4000 ਜ਼ਹਿਰੀਲੇ ਰਸਾਇਣਾਂ ਦਾ ਮਿਸ਼ਰਣ ਹੈ। ਨਿਕੋਟੀਨ ਅਤੇ ਨਾਈਟ੍ਰੋਜਨ ਮਿਸ਼ਰਣਾਂ ਨੂੰ ਮਨੁੱਖੀ ਸਿਹਤ ਲਈ ਸਭ ਤੋਂ ਵੱਧ ਹਾਨੀਕਾਰਕ ਕਰਾਰ ਦਿੱਤਾ ਗਿਆ ਹੈ। ਇਹ ਜ਼ਹਿਰੀਲੇ ਹਿੱਸੇ ਦਿਲ, ਦਿਮਾਗ, ਗੁਰਦੇ, ਸਾਹ ਪ੍ਰਣਾਲੀ ਅਤੇ ਪ੍ਰਜਨਨ ਪ੍ਰਣਾਲੀ 'ਤੇ ਬੁਰਾ ਪ੍ਰਭਾਵ ਪਾਉਂਦੇ ਹਨ। ਨਿਕੋਟੀਨ ਦਿਲ ਦੀ ਧੜਕਣ ਅਤੇ ਬਲੱਡ ਪ੍ਰੈਸ਼ਰ ਨੂੰ ਵਧਾਉਂਦੀ ਹੈ। ਇਸ ਦੀ ਵਰਤੋਂ ਨਾਲ ਦਿਲ ਦੇ ਦੌਰੇ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਤੋਂ ਇਲਾਵਾ ਖ਼ੂਨ ਦੀਆਂ ਨਾੜੀਆਂ ਦੇ ਤੰਗ ਹੋਣ ਨਾਲ ਦਿਮਾਗ ਦੀਆਂ ਨਾੜੀਆਂ ਦੇ ਫਟਣ ਦਾ ਖਤਰਾ ਵਧ ਜਾਂਦਾ ਹੈ। ਸਿਗਰਟ ਪੀਣ ਨਾਲ ਅਸਤਮਾ ਆਸਾਨੀ ਨਾਲ ਵਧ ਜਾਂਦਾ ਹੈ। ਇਹ ਵਿਅਕਤੀ ਨੂੰ ਸਮੇਂ ਤੋਂ ਪਹਿਲਾਂ ਬੁੱਢਾ ਬਣਾ ਦਿੰਦਾ ਹੈ।

ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਇਸ ਦਿਨ ਮਨੁੱਖਤਾ ਲਈ ਸਿਗਰਟਨੋਸ਼ੀ ਛੱਡਣ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਕਈ ਪਹਿਲਕਦਮੀਆਂ ਕਰਦੀਆਂ ਹਨ। ਤੰਬਾਕੂ ਦੀ ਵਰਤੋਂ ਕਰਨ ਵਾਲੇ ਮਾਪਿਆਂ ਦੇ ਨਵਜੰਮੇ ਬੱਚੇ ਵੀ ਕਈ ਵਾਰ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਹਨ ਜਾਂ ਉਨ੍ਹਾਂ ਦੀ ਸਿਹਤ ਠੀਕ ਨਹੀਂ ਹੁੰਦੀ।

**ਭਾਰਤ ਵਿੱਚ ਸਿਗਰਟਨੋਸ਼ੀ ਦੀ ਸਥਿਤੀ . ਧੂੰਆਂ-ਮੁਕਤ ਸੰਸਾਰ ਲਈ ਫਾਊਂਡੇਸ਼ਨ**

ਦੋ ਲੱਖ ਲੋਕ ਮਾਰੇ ਗਏ। ਦੁਨੀਆ ਭਰ ਵਿੱਚ ਧੂੰਏਂ ਰਹਿਤ ਤੰਬਾਕੂ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੇ ਬੋਝ ਦੇ ਤਿੰਨ ਚੌਥਾਈ ਤੋਂ ਵੱਧ ਲਈ ਭਾਰਤ ਜ਼ਿੰਮੇਵਾਰ ਹੈ। ਖਾਸ ਤੌਰ 'ਤੇ, ਧੂੰਏਂ ਰਹਿਤ ਤੰਬਾਕੂ ਦੀ ਵਰਤੋਂ ਪ੍ਰਤੀ ਸਾਲ 350,000 ਤੋਂ ਵੱਧ ਮੌਤਾਂ ਹੁੰਦੀਆਂ ਹਨ।

ਇਸ ਤੋਂ ਇਲਾਵਾ, ਭਾਰਤ ਆਪਣਾ ਜ਼ਿਆਦਾਤਰ ਤੰਬਾਕੂ ਨੇਪਾਲ, ਸੰਯੁਕਤ ਅਰਬ ਅਮੀਰਾਤ ਅਤੇ ਸੰਯੁਕਤ ਰਾਜ ਅਮਰੀਕਾ ਨੂੰ ਨਿਰਯਾਤ ਕਰਦਾ ਹੈ, ਅਤੇ ਤੰਬਾਕੂ ਦਾ ਵਿਸ਼ਵ ਦਾ ਸਭ ਤੋਂ ਵੱਡਾ ਨਿਰਯਾਤਕ ਹੈ।

ਚੀਨ ਵਿੱਚ ਸਭ ਤੋਂ ਵੱਧ ਤੰਬਾਕੂ ਖਪਤਕਾਰ (300.8 ਮਿਲੀਅਨ) ਹਨ, ਇਸ ਤੋਂ ਬਾਅਦ ਭਾਰਤ (274.9 ਮਿਲੀਅਨ) ਹਨ। ਚੀਨ ਵਿੱਚ ਸਿਗਰਟਨੋਸ਼ੀ ਕਰਨ ਵਾਲਿਆਂ ਦੀ ਸਭ ਤੋਂ ਵੱਧ ਸੰਖਿਆ (300,7 ਮਿਲੀਅਨ) ਹੈ, ਜਦੋਂ ਕਿ ਭਾਰਤ ਵਿੱਚ ਸਿਗਰਟ ਰਹਿਤ ਤੰਬਾਕੂ ਖਪਤਕਾਰਾਂ ਦੀ ਸਭ ਤੋਂ ਵੱਧ ਸੰਖਿਆ (205,9 ਮਿਲੀਅਨ) ਹੈ। ਰੂਸ ਇੱਕ ਆਉਣ ਵਾਲੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਰੂਸ ਵਿੱਚ ਸਭ ਤੋਂ ਵੱਧ ਮਰਦ ਸਿਗਰਟਨੋਸ਼ੀ ਦਾ ਪ੍ਰਚਲਨ ਹੈ (60.2%)।

ਅਮਰੀਕਾ ਵਿੱਚ ਹਰ ਸਾਲ 480,000 ਤੋਂ ਵੱਧ ਮੌਤਾਂ ਹੁੰਦੀਆਂ ਹਨ। ਮਰਦਾਂ ਦੀ ਮੌਤ ਪ੍ਰਤੀ ਸਾਲ 278,544 ਦੀ ਦਰ ਨਾਲ ਹੁੰਦੀ ਹੈ ਜਿਥੇ ਕਿ ਹਰ ਸਾਲ, 201,773 ਔਰਤਾਂ ਦੀ ਮੌਤ ਹੋ ਜਾਂਦੀ ਹੈ।

ਸੰਯੁਕਤ ਰਾਜ ਵਿੱਚ, ਤੰਬਾਕੂਨੋਸ਼ੀ ਨਾਲ ਸਬੰਧਤ ਬਿਮਾਰੀ ਹਰ ਸਾਲ £600 ਬਿਲੀਅਨ ਤੋਂ ਵੱਧ ਖਰਚ ਕਰਦੀ ਹੈ, ਜਿਸ ਵਿੱਚ ਬਾਲਗਾਂ ਲਈ ਸਿੱਧੇ ਡਾਕਟਰੀ ਇਲਾਜ ਵਿੱਚ £241 ਬਿਲੀਅਨ ਤੋਂ ਵੱਧ ਅਤੇ ਉਤਪਾਦਕਤਾ ਵਿੱਚ £184 ਬਿਲੀਅਨ ਸ਼ਾਮਲ ਹਨ। ਸੈਕਿੰਡਹੈਂਡ ਸਿਗਰਟਨੋਸ਼ੀ ਹਰ ਉਮਰ ਦੇ ਵਿਅਕਤੀਆਂ ਲਈ ਇੱਕ ਗੰਭੀਰ ਸਿਹਤ ਜੋਖਮ ਹੈ, ਜਿਸਦੇ ਨਤੀਜੇ ਵਜੋਂ ਹਰ ਸਾਲ 41,000 ਤੋਂ ਵੱਧ ਮੌਤਾਂ ਹੁੰਦੀਆਂ ਹਨ।

ਹਰ ਰੋਜ਼, ਤੰਬਾਕੂਨੋਸ਼ੀ ਨਾਲ ਸਬੰਧਤ ਬਿਮਾਰੀਆਂ ਲਗਭਗ 125 ਕੈਨੇਡੀਅਨਾਂ ਅਤੇ ਸਾਲਾਨਾ ਲਗਭਗ 48,000 ਕੈਨੇਡੀਅਨਾਂ ਦੀਆਂ ਜਾਨਾਂ ਜਾਂਦੀਆਂ ਹਨ।

ਗਲੋਬਲ ਐਡਲਟ ਤੰਬਾਕੂ ਸਰਵੇਖਣ ਦੇ ਅਨੁਸਾਰ, 80,000 ਤੋਂ 100,000 ਦੇ ਵਿਚਕਾਰ ਨੌਜਵਾਨ ਹਾਣੀਆਂ ਦੇ ਦਬਾਅ, ਪਰਿਵਾਰ ਜਾਂ ਰਿਸ਼ਤੇਦਾਰਾਂ ਦੇ ਪ੍ਰਭਾਵ, ਸਿਗਰੇਟ ਦੇ

ਬਾਕੀ ਸਫਾ 9 'ਤੇ




# ਕਹਾਣੀ ਆਲ੍ਹਣਾ

**ਕਰੀਬ ਦੋ ਮਹੀਨੇ ਲੰਘ ਗਏ। ਰਮਾ ਆਪਣੇ ਰੋਜ਼ ਦੇ ਨਿਯਮ ਅਨੁਸਾਰ ਘਰ ਦੇ ਕੰਮਾਂ ਤੋਂ ਵਿਹਲੀ ਹੋ ਕੇ ਬਗੀਚੇ ਵਿੱਚ ਜਾ ਬੈਠੀ। ਉਥੇ ਕਾਫੀ ਦਿਨਾਂ ਤੋਂ ਚਿੜੀ ਦਾ ਜੋੜਾ ਇੱਕ ਦਰੱਖਤ ਉੱਤੇ ਆਪਣਾ ਆਲ੍ਹਣਾ ਬਣਾ ਰਿਹਾ ਸੀ। ਉਹ ਰੋਜ਼ ਵੇਖਦੀ ਕਿ ਕਿੱਦਾਂ ਦੋਵੇਂ ਚਿੜੀ-ਚਿੜਾ ਤਿਣਕਾ-ਤਿਣਕਾ 'ਕੱਠਾ ਕਰ ਕੇ ਬੜੀ ਮਿਹਨਤ ਨਾਲ ਆਪਣਾ ਆਲ੍ਹਣਾ ਬਣਾ ਰਹੇ ਸਨ। ਉਸ ਨੂੰ ਆਪਣਾ ਸਮਾਂ ਯਾਦ ਆਇਆ ਕਿ ਕਿੱਦਾਂ ਉਸ ਦੇ ਪਤੀ ਅਤੇ ਉਸ ਨੇ ਪੂਰੀ ਤਰ੍ਹਾਂ ਮਿਹਨਤ ਨਾਲ ਇੱਕ-ਇੱਕ ਸਾਮਾਨ 'ਕੱਠਾ ਕਰ ਕੇ ਘਰ ਬਣਾਇਆ ਸੀ। ਉਸ ਨੂੰ ਕਿੰਨੇ ਪਿਆਰ ਨਾਲ ਸਜਾਇਆ ਸੀ।**

**-ਭੁਪਿੰਦਰ ਕੌਰ ਵਾਲੀਆ**

ਰਮਾ ਆਪਣੇ ਬੱਚਿਆਂ ਦੇ ਕਾਲਜ ਜਾਣ ਤੋਂ ਬਾਅਦ ਘਰ ਦੇ ਬਗੀਚੇ ਵਿੱਚ ਬੈਠ ਕੇ ਸਵੈਟਰ ਬੁਣਿਆ ਕਰਦੀ ਸੀ। ਇੱਕ ਦਿਨ ਇਸੇ ਤਰ੍ਹਾਂ ਉਹ ਆਪਣੇ ਘਰ ਦੇ ਬਗੀਚੇ ਵਿੱਚ ਬੈਠੀ ਸੀ ਕਿ ਅਚਾਨਕ ਉਸ ਨੂੰ ਘਰ ਦੇ ਬਾਹਰ ਸੜਕ ਉੱਤੇ ਪੁਲਸ ਦਾ ਗੱਡੀ ਜਾਂਦੀ ਨਜ਼ਰ ਪਈ। ਉਤਸੁਕਤਾ ਵੱਸ ਉਹ ਗੇਟ ਉੱਤੇ ਆ ਕੇ ਸੜਕ ਉੱਤੇ ਜਾਂਦੀ ਪੁਲਸ ਦੀ ਗੱਡੀ ਨੂੰ ਵੇਖਣ ਲੱਗ ਪਈ। ਉਸ ਨੇ ਵੇਖਿਆ ਪੁਲਸ ਦੀ ਗੱਡੀ ਸੜਕ ਦੇ ਦੂਸਰੇ ਕਿਨਾਰੇ ਆਖਰੀ ਘਰ ਕੋਲ ਜਾ ਕੇ ਰੁਕ ਗਈ। ਉਸ ਦਾ ਮਨ ਬੇਚੈਨ ਹੋ ਗਿਆ ਕਿ ਐਹੋ ਜਿਹਾ ਕੀ ਹੋ ਗਿਆ ਕਿ ਪੁਲਸ ਆਈ ਹੈ। ਉਹ ਉਸ ਘਰ ਵੱਲ ਨਜ਼ਰ ਟਿਕਾ ਕੇ ਵੇਖਣ ਲੱਗ ਗਈ। ਥੋੜ੍ਹੀ ਦੇਰ ਬਾਅਦ ਉਸ ਨੇ ਦੇਖਿਆ ਕਿ ਉਥੇ ਕਾਫੀ ਭੀੜ 'ਕੱਠੀ ਹੁੰਦੀ ਜਾ ਰਹੀ ਹੈ। ਜਿਸ ਘਰ ਅੱਗੇ ਭੀੜ ਜਮ੍ਹਾਂ ਹੋਈ ਸੀ, ਉਥੇ ਇੱਕ ਬਜ਼ੁਰਗ ਜੋੜਾ ਰਹਿੰਦਾ ਸੀ, ਜਿਨ੍ਹਾਂ ਦੇ ਦੋ ਮੁੰਡੇ ਸਨ। ਉਨ੍ਹਾਂ ਮੁੰਡਿਆਂ ਦੇ ਹਾਲੇ ਵਿਆਹ ਨਹੀਂ ਸੀ ਹੋਏ। ਵੱਡੇ ਬੇਟੇ ਨੇ ਮੁਸ਼ਕਲ ਨਾਲ ਬੀ ਏ ਪਾਸ ਕੀਤੀ ਸੀ ਅਤੇ ਉਸ ਦਾ ਉਠਣਾ ਬੈਠਣਾ ਚੰਗੇ ਲੋਕਾਂ ਨਾਲ ਨਹੀਂ ਸੀ। ਉਹਦੇ ਦੋਸਤ ਵੀ ਉਸ ਵਾਂਗ ਅਵਾਰਾਗਰਦ ਹੀ ਸਨ। ਜਦ ਕਿ ਛੋਟਾ ਬੇਟਾ ਬੜਾ ਹੀ ਹੁਸ਼ਿਆਰ, ਆਗਿਆਕਾਰੀ ਸੀ। ਛੋਟਾ ਹੋਣ ਦੇ ਬਾਵਜੂਦ ਐੱਮ ਬੀ ਏ ਕਰ ਕੇ ਇੱਕ ਚੰਗੀ ਕੰਪਨੀ ਵਿੱਚ ਨੌਕਰੀ ਕਰ ਰਿਹਾ ਸੀ। ਨਾਲ ਹੀ ਉਹ ਆਪਣੇ ਮਾਂ ਬਾਪ ਦੀ ਵੀ ਬਹੁਤ ਪ੍ਰਵਾਹ ਕਰਦਾ ਸੀ। ਉਥੇ ਖੜ੍ਹਿਆਂ ਥੋੜ੍ਹੀ ਦੇਰ ਬਾਅਦ ਰਮਾ ਨੇ ਆਪਣੀ ਸਹੇਲੀ ਸ਼ੀਲਾ ਨੂੰ ਆਪਣੇ ਵੱਲ ਆਉਂਦੇ ਦੇਖਿਆ। ਰਮਾ ਵੀ ਕੁਝ ਕਦਮ ਚੱਲ ਕੇ ਸ਼ੀਲਾ ਕੋਲ ਚਲੀ ਗਈ ਅਤੇ ਪੁੱਛਣ ਲੱਗੀ, "ਮਿਸਟਰ ਭੱਲਾ ਦੇ ਘਰ ਪੁਲਸ ਕਿਉਂ ਆਈ ਹੈ ਅਤੇ ਘਰ ਦੇ ਬਾਹਰ ਇੰਨੀ ਭੀੜ ਕਿਉਂ ਹੈ ?"

ਸ਼ੀਲਾ ਨੇ ਦੱਸਿਆ ਕਿ ਮਿਸਟਰ ਤੇ ਮਿਸਿਜ਼ ਭੱਲਾ ਦੋਵਾਂ ਦਾ ਕਤਲ ਹੋ ਗਿਆ ਹੈ। ਇਹ ਸੁਣ ਕੇ ਰਮਾ ਸਕਤੇ ਵਿੱਚ ਆ ਗਈ ਅਤੇ ਸ਼ੀਲਾ ਦੇ ਨਾਲ ਭੱਲਾ ਸਾਹਿਬ ਦੇ ਘਰ ਵੱਲ ਤੁਰ ਪਈ। ਉਥੇ ਜਾ ਕੇ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਨ੍ਹਾਂ ਦੀ ਨੌਕਰਾਣੀ ਸੁਧਾ ਜਦੋਂ ਉਨ੍ਹਾਂ ਦੇ ਘਰ ਕੰਮ ਕਰਨ ਆਈ ਤਾਂ ਕਾਫੀ ਦੇਰ ਦਰਵਾਜ਼ਾ ਖੜਕਾਉਣ ਅਤੇ ਘੰਟੀ ਵਜਾਉਣ ਪਿੱਛੋਂ ਵੀ ਜਦ ਕੋਈ ਬਾਹਰ ਨਾ ਆਇਆ ਤਾਂ ਉਸ ਨੇ ਨਾਲ ਵਾਲੇ ਸ਼ਰਮਾ ਜੀ ਦੇ ਘਰ ਦੀ ਘੰਟੀ ਵਜਾਈ। ਨੌਕਰਾਣੀ ਦੇ ਨਾਲ ਜਾ ਕੇ ਸ਼ਰਮਾ ਜੀ ਨੇ ਵੀ ਘੰਟੀ ਵਜਾਈ ਤੇ ਜ਼ੋਰ-ਜ਼ੋਰ ਨਾਲ ਦਰਵਾਜ਼ਾ ਖੜਕਾਇਆ, ਪਰ ਅੰਦਰੋਂ ਕੋਈ ਵੀ ਹਿਲਜੁਲ ਨਾ ਹੋਈ। ਕੋਈ ਵੀ ਆਵਾਜ਼ ਨਾ ਆਉਣ ਉੱਤੇ ਸ਼ਰਮਾ ਜੀ ਨੂੰ ਵੀ ਲੱਗਾ ਕਿ ਦਾਲ ਵਿੱਚ ਕੁਝ ਕਾਲਾ ਹੈ। ਕਿਸੇ ਅਣਹੋਣੀ ਦਾ ਸ਼ੱਕ ਹੋਣ ਲੱਗਾ। ਇੰਨੇ ਚਿਰ ਵਿੱਚ ਦੂਸਰੇ ਪਾਸੇ ਵਾਲੇ ਗਵਾਂਢੀ ਤਨੇਜਾ ਵੀ ਹੈਰਾਨ ਪਰੇਸ਼ਾਨ ਹੋਏ ਆ ਪਹੁੰਚੇ।

ਨੌਕਰਾਣੀ ਅਤੇ ਸ਼ਰਮਾ ਜੀ ਦੀਆਂ ਗੱਲਾਂ ਸੁਣ ਕੇ ਉਹ ਵੀ ਸੋਚਾਂ ਵਿੱਚ ਪੈ ਗਏ। ਪਹਿਲਾਂ ਤਾਂ ਉਨ੍ਹਾਂ ਨੇ ਸੋਚਿਆ ਕਿ ਜਿੰਦਰਾ ਤੋੜਿਆ ਜਾਵੇ, ਪਰ ਇਕੱਠੇ ਹੋਏ ਲੋਕਾਂ ਦੀ ਸਲਾਹ ਤੋਂ ਬਾਅਦ ਪੁਲਸ ਨੂੰ ਫੋਨ ਕਰ ਦਿੱਤਾ। ਫੋਨ ਸੁਣ ਪੁਲਸ ਆ ਗਈ। ਦਰਵਾਜ਼ਾ ਤੁੜਵਾ ਕੇ ਪੁਲਸ ਅੰਦਰ ਗਈ ਅਤੇ ਨਾਲ ਹੀ ਲੋਕਾਂ ਨੂੰ ਸ਼ਾਂਤੀ ਨਾਲ ਬਾਹਰ ਖੜ੍ਹੇ ਰਹਿਣ ਦੀ ਹਦਾਇਤ ਦਿੱਤੀ। ਸ਼ਨਾਖਤ ਲਈ ਕੇਵਲ ਭੱਲਾ ਜੀ ਦੀ ਨੌਕਰਾਣੀ ਨੂੰ ਅੰਦਰ ਬੁਲਾਇਆ ਗਿਆ। ਉਸ ਨੇ ਪਛਾਣਨ ਤੋਂ ਬਾਅਦ ਪੁਲਸ ਨੂੰ ਦੱਸਿਆ ਕਿ ਲਾਸ਼ਾਂ ਮਿਸਟਰ ਤੇ ਮਿਸਿਜ਼ ਭੱਲਾ ਦੀਆਂ ਹਨ। ਉਨ੍ਹਾਂ ਦੀਆਂ ਲਾਸ਼ਾਂ ਨੂੰ ਵੇਖ ਕੇ ਸਾਫ ਪਤਾ ਲੱਗਦਾ ਸੀ ਕਿ ਉਨ੍ਹਾਂ ਮੌਤ ਤੋਂ ਪਹਿਲਾਂ ਜ਼ਿੰਦਗੀ ਲਈ ਕਾਫੀ ਜੱਦੋਜਹਿਦ ਕਰਨੀ ਪਈ ਸੀ। ਘਰ ਦਾ ਸਾਰਾ ਸਾਮਾਨ ਖਿਲਰਿਆ ਹੋਇਆ ਸੀ। ਉਨ੍ਹਾਂ ਦੀਆਂ ਅੱਖਾਂ ਜਿਵੇਂ ਹੈਰਾਨੀ ਨਾਲ ਖੁੱਲ੍ਹੀਆਂ ਹੋਈਆਂ ਸਨ ਜਿਵੇਂ ਉਹ ਹਮਲਾਵਰ ਨੂੰ ਪਛਾਣਦੇ ਹੋਂਣ ਅਤੇ ਉਨ੍ਹਾਂ ਨੂੰ ਹੈਰਾਨਗੀ ਹੋ ਰਹੀ ਸੀ ਕਿ ਇਹ ਸ਼ਖਸ ਉਨ੍ਹਾਂ ਉੱਤੇ ਕਿਵੇਂ ਹਮਲਾ ਕਰ ਸਕਦਾ ਹੈ।



ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ। ਸਾਰੇ ਲੋਕਾਂ ਨੂੰ ਬਾਹਰ ਰਹਿਣ ਅਤੇ ਕਿਸੇ ਵੀ ਚੀਜ਼ ਨੂੰ ਹੱਥ ਨਾ ਲਗਾਉਣ ਦਾ ਹੁਕਮ ਦਿੱਤਾ। ਲੋਕ ਆਪਸ ਵਿੱਚ ਹੌਲੀ-ਹੌਲੀ ਗੱਲਾਂ ਕਰ ਰਹੇ ਸਨ ਕਿ ਆਖਰ ਕੌਣ ਇਸ ਤਰ੍ਹਾਂ ਕਰ ਸਕਦਾ ਹੈ ? ਉਨ੍ਹਾਂ ਦੀ ਤਾਂ ਕਿਸੇ ਨਾਲ ਦੁਸ਼ਮਣੀ ਵੀ ਨਹੀਂ ਸੀ। ਜਾਂਚ ਦੀ ਕਾਰਵਾਈ ਦੌਰਾਨ ਪੁਲਸ ਨੇ ਬਾਹਰ ਖੜ੍ਹੀ ਭੀੜ ਤੋਂ ਵੀ ਮਿਸਟਰ ਅਤੇ ਮਿਸਿਜ਼ ਭੱਲਾ ਬਾਰੇ ਪੁੱਛਗਿੱਛ ਕੀਤੀ। ਲੋਕਾਂ ਨੇ ਦੱਸਿਆ ਕਿ ਉਨ੍ਹਾਂ ਦੇ ਬੇਟੇ ਰਮੇਸ਼ ਤੇ ਦਿਨੇਸ਼ ਦੋਵੇਂ ਘਰ ਵਿੱਚ ਨਹੀਂ ਸਨ। ਵੱਡੇ ਪੁੱਤਰ ਦਾ ਵੈਸੇ ਵੀ ਕੁਝ ਪਤਾ ਨਹੀਂ ਹੁੰਦਾ। ਉਹ ਕਈ ਕਈ ਦਿਨਾਂ ਬਾਅਦ ਘਰ ਆਉਂਦਾ ਹੈ। ਪਤਾ ਨਹੀਂ ਕੀ ਕਰਦਾ ਹੈ। ਛੋਟਾ ਬੇਟਾ ਦਿਨੇਸ਼ ਇੱਕ ਕੰਪਨੀ ਵਿੱਚ ਕੰਮ ਕਰਦਾ ਹੈ। ਉਹ ਦੋ ਦਿਨਾਂ ਲਈ ਕੰਪਨੀ ਦੇ ਕੰਮ ਲਈ ਸ਼ਹਿਰ ਤੋਂ ਬਾਹਰ ਗਿਆ ਹੈ। ਪੁੱਛਗਿੱਛ ਕਰਨ ਤੋਂ ਬਾਅਦ ਪੁਲਸ ਨੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਘਰ ਸੀਲ ਕਰ ਦਿੱਤਾ।

ਫੇਰ ਗੁਆਂਢੀ ਤੋਂ ਛੋਟੇ ਬੇਟੇ ਦੀ ਕੰਪਨੀ ਦਾ ਪਤਾ ਲੈ ਕੇ ਫੋਨ ਰਾਹੀਂ ਦਿਨੇਸ਼ ਨੂੰ ਸਾਰੀ ਘਟਨਾ ਬਾਰੇ ਜਾਣਕਾਰੀ ਦਿੱਤੀ। ਵੱਡੇ ਬੇਟੇ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ। ਇਸ ਲਈ ਪੁਲਸ ਵੱਲੋਂ ਰਮੇਸ਼ ਨੂੰ ਇਸ ਬਾਰੇ ਖਬਰ ਨਹੀਂ ਦਿੱਤੀ ਜਾ ਸਕੀ। ਉਹ ਦੋ ਦਿਨ ਬਾਅਦ ਹੋਏ ਆਪਣੇ ਮਾਂ-ਬਾਪ ਦੇ ਅੰਤਿਮ ਸਸਕਾਰ ਵਿੱਚ ਵੀ ਨਾ ਪੁੱਜ ਸਕਿਆ। ਛੋਟਾ ਬੇਟਾ ਬਹੁਤ ਦੁਖੀ ਤੇ ਪਰੇਸ਼ਾਨ ਸੀ ਅਤੇ ਬਹੁਤ ਰੋ ਰਿਹਾ ਸੀ। ਪੁਲਸ ਦਾ ਪਹਿਲਾਂ ਸ਼ੱਕ ਨੌਕਰਾਣੀ ਉੱਤੇ ਗਿਆ। ਨੌਕਰਾਣੀ ਤੋਂ ਪੁੱਛਗਿੱਛ ਕਰਨ ਉੱਤੇ ਨੌਕਰਾਣੀ ਸੁਧਾ ਰੋ-ਰੋ ਕੇ ਕਹਿਣ ਲੱਗੀ, "ਅਸੀਂ ਤਾਂ ਗਰੀਬ ਲੋਕ ਹਾਂ ਅਤੇ ਮਿਹਨਤ ਦੀ ਕਮਾ ਕੇ ਮੁਸ਼ਕਲ ਨਾਲ ਆਪਣਾ ਗੁਜ਼ਾਰਾ ਕਰਦੇ ਹਾਂ। ਅਸੀਂ ਏਦਾਂ ਦਾ ਘਿਨੌਣਾ ਕੰਮ ਕਿਉਂ ਕਰਾਂਗੇ ?" ਪੁਲਸ ਨੇ ਉਸ ਨੂੰ ਕਿਹਾ ਕਿ ਇਹ ਤਾਂ ਸਾਡੀ ਡਿਊਟੀ ਹੈ। ਸਾਨੂੰ ਸਭ ਉੱਤੇ ਸ਼ੱਕ ਕਰਨਾ ਪੈਂਦਾ ਤੇ ਪੁੱਛਗਿੱਛ ਕਰਨੀ ਪੈਂਦੀ ਹੈ। ਤੂੰ ਸਾਨੂੰ ਭੱਲਾ ਪਰਵਾਰ ਬਾਰੇ ਸਾਰੀ ਜਾਣਕਾਰੀ ਦੇ ਕਿਉਂਕਿ ਸਾਨੂੰ ਲੱਗਦਾ ਹੈ ਕਿ ਇਹ ਕਿਸੇ ਜਾਣਕਾਰ ਦਾ ਕੰਮ ਹੈ, ਜੋ ਕਿ ਘਰ ਦੇ ਚੱਪੇ ਚੱਪੇ ਤੋਂ ਵਾਕਿਫ ਹੈ। ਕੋਈ ਖਾਸ ਸਾਮਾਨ ਚੋਰੀ ਨਹੀਂ ਹੋਇਆ ਜਿਸ ਤੋਂ ਲੱਗਦਾ ਹੈ ਕਿ ਜੋ ਵੀ ਆਦਮੀ ਆਇਆ ਸੀ ਉਹ ਚੋਰੀ ਦੇ ਮਕਸਦ ਨਾਲ ਨਹੀਂ ਸੀ ਆਇਆ। ਨੌਕਰਾਣੀ ਨੇ ਹੀ ਪੁਲਸ ਨੂੰ ਦੱਸਿਆ ਕਿ ਛੋਟਾ ਬੇਟਾ ਤਾਂ ਬਹੁਤ ਸ਼ਰੀਫ ਹੈ, ਵੱਡਾ ਬੇਟਾ ਵਿਗੜਿਆ ਹੋਇਆ ਹੈ। ਉਹ ਜਦ ਵੀ ਘਰ ਆਉਂਦਾ ਸੀ ਆਪਣੇ ਮਾਂ ਬਾਪ ਨਾਲ ਬਹੁਤ ਲੜਦਾ ਸੀ ਕਿ ਤੁਸੀਂ ਛੋਟੇ ਬੇਟੇ ਨੂੰ ਜ਼ਿਆਦਾ ਪਿਆਰ ਕਰਦੇ ਹੋ, ਮੈਨੂੰ ਨਹੀਂ, ਪਰ ਉਸ ਤੋਂ ਵੀ ਐਦਾਂ ਦੀ ਕੋਈ ਉਮੀਦ ਨਹੀਂ ਕੀਤੀ ਜਾ ਸਕਦੀ। ਪੁਲਸ ਆਪਣੀ ਕਾਰਵਾਈ ਵਿੱਚ ਲੱਗੀ ਹੋਈ ਸੀ ਕਿ ਕਿਸੇ ਤਰ੍ਹਾਂ ਕਾਤਲ ਤੱਕ ਪਹੁੰਚਿਆ ਜਾ ਸਕੇ।

ਇਸ ਤਰ੍ਹਾਂ ਕਰੀਬ ਦੋ ਮਹੀਨੇ ਲੰਘ ਗਏ। ਰਮਾ ਆਪਣੇ ਰੋਜ਼ ਦੇ ਨਿਯਮ ਅਨੁਸਾਰ ਘਰ ਦੇ ਕੰਮਾਂ ਤੋਂ ਵਿਹਲੀ ਹੋ ਕੇ ਬਗੀਚੇ ਵਿੱਚ ਜਾ ਬੈਠੀ। ਉਥੇ ਕਾਫੀ ਦਿਨਾਂ ਤੋਂ ਚਿੜੀ ਦਾ ਜੋੜਾ ਇੱਕ ਦਰੱਖਤ ਉੱਤੇ ਆਪਣਾ ਆਲ੍ਹਣਾ ਬਣਾ ਰਿਹਾ ਸੀ। ਉਹ ਰੋਜ਼ ਵੇਖਦੀ ਕਿ ਕਿੱਦਾਂ ਦੋਵੇਂ ਚਿੜੀ-ਚਿੜਾ ਤਿਣਕਾ-ਤਿਣਕਾ 'ਕੱਠਾ ਕਰ ਕੇ ਬੜੀ ਮਿਹਨਤ ਨਾਲ ਆਪਣਾ ਆਲ੍ਹਣਾ ਬਣਾ ਰਹੇ ਸਨ। ਉਸ ਨੂੰ ਆਪਣਾ ਸਮਾਂ ਯਾਦ ਆਇਆ ਕਿ ਕਿੱਦਾਂ ਉਸ ਦੇ ਪਤੀ ਅਤੇ ਉਸ ਨੇ ਪੂਰੀ ਤਰ੍ਹਾਂ ਮਿਹਨਤ ਨਾਲ ਇੱਕ-ਇੱਕ ਸਾਮਾਨ 'ਕੱਠਾ ਕਰ ਕੇ ਘਰ ਬਣਾਇਆ ਸੀ। ਉਸ ਨੂੰ ਕਿੰਨੇ ਪਿਆਰ ਨਾਲ ਸਜਾਇਆ ਸੀ। ਇਹ ਗੱਲ ਵੱਖਰੀ ਹੈ ਕਿ ਉਹ ਚਿੜਾ ਚਿੜੀ ਦੇ ਮੁਕਾਬਲੇ ਆਕਾਰ ਵਿੱਚ ਬਹੁਤ ਵੱਡੇ ਸਨ ਤੇ ਉਨ੍ਹਾਂ ਦਾ ਘਰ ਵੀ ਬਹੁਤ ਵੱਡਾ ਸੀ ਅਤੇ ਉਸੇ ਅਨੁਪਾਤ ਵਿੱਚ ਉਨ੍ਹਾਂ ਦੀਆਂ ਜ਼ਰੂਰਤਾਂ ਵੀ ਜ਼ਿਆਦਾ ਸਨ। ਲੇਕਿਨ ਘਰ ਬਣਾਉਣ ਦੀ ਭਾਵਨਾ, ਲਗਨ ਅਤੇ ਮਿਹਨਤ ਤਾਂ ਓਨੀ ਹੀ ਸੀ। ਥੋੜ੍ਹੇ ਦਿਨਾਂ ਬਾਅਦ ਉਸ ਚਿੜੀ ਤੇ ਉਨ੍ਹਾਂ ਦੇ ਬੱਚਿਆਂ ਨੂੰ ਹੋਰ ਵੀ ਪਿਆਰ ਨਾਲ ਦੇਖਣ ਲੱਗੀ। ਉਹ ਦੋਵੇਂ ਇੱਕ ਇੱਕ ਦਾਣਾ ਲਿਆ ਕੇ ਆਪਣੇ ਬੱਚਿਆਂ ਦੀ ਚੁੰਝ ਵਿੱਚ ਪਾਉਂਦੇ। ਉਸ ਨੂੰ ਆਪਣਾ ਸਮਾਂ ਯਾਦ ਆਉਣ ਲੱਗਾ ਕਿ ਕਿਸ ਤਰ੍ਹਾਂ ਉਹ ਤੇ ਉਸ ਦਾ ਪਤਾ ਵੀ ਆਪਣੇ ਬੱਚਿਆਂ ਨੂੰ ਖਿਲਾਉਣ ਅਤੇ ਪਿਲਾਉਣ ਵਿੱਚ ਜੁਟੇ ਰਹਿੰਦੇ ਸੀ।

ਇਹ ਗੱਲ ਵੱਖਰੀ ਹੈ ਕਿ ਇਨ੍ਹਾਂ ਕੰਮਾਂ ਵਿੱਚ ਮਨੁੱਖ ਦੀਆਂ ਜ਼ਰੂਰਤਾਂ ਵੱਧ ਹੁੰਦੀਆਂ, ਪਰ ਪਿਆਰ ਦੀ ਭਾਵਨਾ ਤਾਂ ਉਹੀ ਹੁੰਦੀ ਹੈ। ਜਦ ਤੱਕ ਬੱਚੇ ਖਾ ਨਹੀਂ ਲੈਂਦੇ, ਮਾਂ ਬਾਪ ਨੂੰ ਚੈਨ ਨਹੀਂ ਆਉਂਦਾ, ਨਾ ਨੀਂਦ ਆਉਂਦੀ ਹੈ। ਇਹ ਗੱਲ ਵੱਖਰੀ ਹੈ ਕਿ ਉਸ ਵਕਤ ਵੀਡੀਓ ਨਹੀਂ ਸੀ ਬਣਦੇ ਜਿਸ ਤਰ੍ਹਾਂ ਅੱਜ ਕੱਲ੍ਹ ਦੇ ਲੋਕੀਂ ਆਪਣੇ ਬੱਚਿਆਂ ਦੀ ਹਰ ਗੱਲ ਦੀ ਵੀਡੀਓ ਬਣਾ ਲੈਂਦੇ ਹਨ। ਜਦੋਂ ਬੱਚੇ ਵੱਡੇ ਹੋਣਗੇ ਤਾਂ ਉਨ੍ਹਾਂ ਨੂੰ ਵਿਖਾਉਣਗੇ।

ਰਮਾ ਦੀਆਂ ਯਾਦਾਂ ਵੀ ਵੀਡੀਓ ਵਾਂਗ ਹੀ ਉਸ ਦੀਆਂ ਅੱਖਾਂ ਵਿੱਚ ਆ ਕੇ ਘੁੰਮਣ ਲੱਗ ਜਾਂਦੀਆਂ। ਇਸ ਤਰ੍ਹਾਂ ਉਹ ਆਪਣੀਆਂ ਪੁਰਾਣੀਆਂ ਯਾਦਾਂ ਵਿੱਚ ਗੁੰਮ ਜਾਂਦੀ ਤੇ ਫਿਰ ਚਿੜੀ ਅਤੇ ਉਹਦੇ ਬੱਚਿਆਂ ਦੀ ਚੀਂ-ਚੀਂ ਦੀ ਮਧੁਰ ਧੁਨੀ ਵਿੱਚ ਗੁਆਚ ਜਾਂਦੀ। ਉਨ੍ਹਾਂ ਨੂੰ ਵੇਖ ਕੇ ਰਮਾ ਨੂੰ ਆਪਣੇ ਬੱਚਿਆਂ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਯਾਦ ਆਉਣ ਲੱਗਦੀਆਂ। ਦਿਨ ਗੁਜ਼ਰ ਰਹੇ ਸਨ। ਇੱਕ ਦਿਨ ਉਸ ਨੇ ਬਗੀਚੇ ਵਿੱਚ ਆ ਕੇ ਦੇਖਿਆ ਚਿੜੀ ਦੇ ਬੱਚਿਆਂ ਦੇ ਨਿੱਕੇ ਨਿੱਕੇ ਖੰਭ ਨਿਕਲ ਆਏ ਹਨ ਤੇ ਉਡਾਣ ਭਰਨ ਲੱਗ ਪਏ ਹਨ। ਕੁਝ ਦਿਨਾਂ ਬਾਅਦ ਉਸ ਨੇ ਵੇਖਿਆ ਕਿ ਚਿੜੀ ਦੇ ਬੱਚੇ ਉਡ ਕੇ ਕਿਤੇ ਚਲੇ ਗਏ ਸਨ। ਉਹ ਜਵਾਨ ਹੋ ਗਏ ਤੇ ਆਪਣਾ ਨਵਾਂ ਆਲ੍ਹਣਾ ਬਣਾਉਣ ਲਈ ਚਲੇ ਗਏ। ਸ਼ਾਇਦ ਕੁਦਰਤ ਦਾ ਇਹੀ ਅਸੂਲ ਹੈ। ਰਮਾ ਨੂੰ ਮਹਿਸੂਸ ਹੋਣ ਲੱਗਿਆ ਕਿ ਉਸ ਦੇ ਬੱਚੇ ਵੀ ਵੱਡੇ ਹੋ ਗਏ ਹਨ। ਇੱਕ ਦਿਨ ਉਨ੍ਹਾਂ ਦਾ ਵਿਆਹ ਹੋ ਜਾਵੇਗਾ ਅਤੇ ਨੌਕਰੀ ਬਹਾਨੇ ਦੂਰ ਕਿਤੇ ਆਪਣਾ ਨਵਾਂ ਆਸ਼ਿਆਨਾ ਬਣਾਉਣ ਚਲੇ ਜਾਣਗੇ। ਰਮਾ ਕਈ ਸਾਲਾਂ ਤੋਂ ਇਹੀ ਵੇਖਦੀ ਆ ਰਹੀ ਸੀ ਕਿ ਜਿਨ੍ਹਾਂ ਦੇ ਆਪਣੇ ਕਾਰੋਬਾਰ ਨੇ ਉਹ ਤਾਂ ਪਰਵਾਰ ਦੇ ਸਾਰੇ ਮੈਂਬਰ ਇਕੱਠ ਰਹਿ ਸਕਦੇ ਹਨ, ਨੌਕਰੀ ਵਾਲਿਆਂ ਨੂੰ ਤਾਂ ਮਜਬੂਰਨ ਦੂਰ ਜਾਣਾ ਹੀ ਪੈਂਦਾ ਹੈ ਅਤੇ ਆਪਣਾ ਅਲਹਿਦਾ ਘਰ ਵਸਾਉਣਾ ਪੈਂਦਾ ਹੈ।

ਰਮਾ ਅਜੇ ਪਤਾ ਨਹੀਂ ਇਨ੍ਹਾਂ ਖਿਆਲਾਂ ਵਿੱਚ ਕਿੰਨਾ ਚੁਰ ਗੁਆਚੀ ਰਹਿੰਦੀ ਕਿ ਸ਼ੀਲਾ ਨੇ ਆ ਕੇ ਉਸ ਦੀ ਸੁਰਤੀ ਭੰਗ ਕਰ ਦਿੱਤੀ। ਉਸ ਕਿਹਾ, "ਰਮਾ ਚੱਲ ਭੱਲਾ ਸਾਹਿਬ ਦੇ ਘਰ ਚੱਲੀਏ ਅੱਜ ਫਿਰ ਪੁਲਸ ਆਈ ਹੋਈ ਹੈ। ਜਾਪਦਾ ਹੈ ਕਿ ਉਨ੍ਹਾਂ ਨੂੰ ਕੋਈ ਸੁਰਾਗ ਮਿਲ ਗਿਆ ਹੋਵੇਗਾ। ਦੋਵੇਂ ਸਹੇਲੀਆਂ ਕਾਹਲੀ ਵਿੱਚ ਭੱਲਾ ਜੀ ਦੇ ਘਰ ਪੁੱਜ ਗਈਆਂ। ਉਥੇ ਉਨ੍ਹਾਂ ਨੂੰ ਪਤਾ ਲੱਗਾ ਕਿ ਪੁਲਸ ਨੇ ਪਤਾ ਲਾਇਆ ਹੈ ਕਿ ਮਿਸਟਰ ਅਤੇ ਮਿਸਿਜ਼ ਭੱਲਾ ਦਾ ਕਤਲ ਉਨ੍ਹਾਂ ਦੇ ਵੱਡੇ ਬੇਟੇ ਰਮੇਸ਼ ਨੇ ਕੀਤਾ ਹੈ। ਵੱਡੇ ਬੇਟੇ ਰਮੇਸ਼ ਤੋਂ ਉਸ ਦੀਆਂ ਵਿਗੜੀਆਂ ਆਦਤਾਂ ਕਰ ਕੇ ਮਾਂ-ਬਾਪ ਨਾਰਾਜ਼ ਸਨ। ਉਨ੍ਹਾਂ ਨੇ ਫੈਸਲਾ ਕੀਤਾ ਸੀ ਕਿ ਵੱਡੇ ਬੇਟੇ ਨੂੰ ਸੁਧਾਰਨ ਲਈ ਕਹਿਣ ਕਿ ਉਸ ਨੂੰ ਜਾਇਦਾਦ ਵਿੱਚੋਂ ਕੋਈ ਹਿੱਸਾ ਨਾ ਦੇ ਕੇ ਸਾਰੀ ਜਾਇਦਾਦ ਛੋਟੇ ਬੇਟੇ ਦਿਨੇਸ਼ ਨੂੰ ਦੇ ਦੇਣਗੇ। ਮਿਸਟਰ ਤੇ ਮਿਸਿਜ਼ ਭੱਲਾ ਨੂੰ ਲੱਗਦਾ ਸੀ ਕਿ ਇਸ ਗੱਲ ਨੂੰ ਸੁਣ ਕੇ ਸ਼ਾਇਦ ਰਮੇਸ਼ ਸੁਧਰ ਜਾਏ, ਪਰ ਨੂੰ ਸੁਣਨ ਤੋਂ ਬਾਅਦ ਉਹ ਹੋਰ ਨਾਰਾਜ਼ ਹੋ ਗਿਆ ਤੇ ਗੁੱਸੇ ਵਿੱਚ ਆ ਕੇ ਉਸ ਨੇ ਮਾਂ-ਬਾਪ ਦਾ ਕਤਲ ਕਰ ਦਿੱਤਾ। ਕਤਲ ਦੀ ਰਾਤ ਉਹ ਆਪਣੇ ਮਾਂ ਬਾਪ ਕੋਲ ਆਇਆ ਸੀ। ਪੁਲਸ ਨੂੰ ਉਸ ਦਾ ਪਤਾ ਗੁੜਗਾਓਂ ਵਿੱਚ ਰਹਿ ਰਹੇ ਇੱਕ ਦੋਸਤ ਤੋਂ ਲੱਗਿਆ ਜਿੱਥੇ ਉਹ ਛੁਪ ਕੇ ਰਹਿ ਰਿਹਾ ਸੀ। ਉਸ ਦੇ ਦੋਸਤ ਤੋਂ ਪੁੱਛਗਿੱਛ ਤੋਂ ਬਾਅਦ ਹੀ ਉਸ ਦੇ ਬਾਰੇ ਸੱਚ ਦਾ ਪਤਾ ਲੱਗਾ ਕਿ ਉਹ ਘਰ ਦਾ ਕਾਫੀ ਨਕਦ ਪੈਸਾ ਵੀ ਲੈ ਕੇ ਭੱਜਿਆ ਸੀ।"

ਰਮਾ ਨੇ ਸੋਚਿਆ ਕਿ ਉਹ ਚਿੜੀ ਦੇ ਬੱਚਿਆਂ ਨੂੰ ਵੇਖ ਕੇ ਉਦਾਸ ਹੋ ਰਹੀ ਸੀ ਕਿ ਉਹ ਘਰ ਛੱਡ ਕੇ ਉਡ ਗਏ, ਇੱਥੇ ਕਹਾਣੀ ਹੀ ਹੋਰ ਵਾਪਰੀ ਸੀ। ਉਸ ਨੇ ਸੋਚਿਆ ਕਿ ਚਿੜੀ ਦੇ ਬੱਚੇ ਉਡਣ ਤੋਂ ਬਾਅਦ ਆਪਣੇ ਮਾਂ ਬਾਪ ਤੋਂ ਕੋਈ ਉਮੀਦ ਜਾਂ ਕੁਝ ਪਾਉਣ ਦੀ ਲਾਲਸਾ ਵਿੱਚ ਉਨ੍ਹਾਂ ਨੂੰ ਤੰਗ ਨਹੀਂ ਕਰਦੇ, ਮਨੁੱਖਾਂ ਦੇ ਬੱਚੇ ਮਾਂ-ਬਾਪ ਦੇ ਪੈਸੇ ਦੇ ਲਾਲਚ ਵਿੱਚ ਉਨ੍ਹਾਂ ਦਾ ਕਤਲ ਕਰਨ ਤੇ ਉਤਾਰੂ ਹੋ ਜਾਂਦੇ ਹਨ। ਇਹ ਕਿੱਦਾਂ ਦਾ ਕਲਯੁਗ ਆ ਗਿਆ ਕਿ ਮਾਂ ਬਾਪ ਸਜ਼ਾ ਦੇ ਤੌਰ ਉੱਤੇ ਆਪਣੇ ਬੱਚਿਆਂ ਨੂੰ ਸੁਧਾਰਨ ਦੀ ਉਮੀਦ ਵਿੱਚ ਉਨ੍ਹਾਂ ਨੂੰ ਜਾਇਦਾਦ ਤੋਂ ਬੇਦਖਲ ਕਰਨ ਦੀ ਗੱਲ ਵੀ ਨਹੀਂ ਕਰ ਸਕਦੇ। ਬੱਚੇ ਭਾਵੇਂ ਫਰਜ਼ ਨਿਭਾਉਣ ਭਾਵੇਂ ਨਾ। ਉਹ ਮਾਂ ਬਾਪ ਦੀ ਜਾਇਦਾਦ ਉੱਤੇ ਆਪਣਾ ਪੂਰਾ ਹੱਕ ਸਮਝਦੇ ਹਨ। ਰਮਾ ਸੋਚਣ ਲੱਗੀ, ਮਾਂ-ਪਿਓ ਇਹ ਸੋਚ ਕੇ ਜਾਇਦਾਦ ਅਤੇ ਪੈਸਾ ਜਮ੍ਹਾਂ ਕਰਦੇ ਹਨ ਕਿ ਬੁਢਾਪੇ ਵਿੱਚ ਕੰਮ ਆਵੇਗਾ। ਉਸ ਨੂੰ ਖਿਆਲ ਆਇਆ ਕਈ ਵਾਰ ਇਨਸਾਨ ਜ਼ਿਆਦਾ ਲਾਲਚ ਵਿੱਚ ਆ ਕੇ ਗਲਤ ਢੰਗਾਂ ਨਾਲ ਜਾਇਦਾਦ 'ਕੱਠੀ ਕਰਨ ਵਿੱਚ ਲੱਗਿਆ ਰਹਿੰਦਾ ਹੈ। ਜਿਸ ਕਰ ਕੇ ਉਹ ਆਪਣੀ ਜ਼ਿੰਦਗੀ ਵੀ ਆਰਾਮ ਨਾਲ ਨਹੀਂ ਜਿਉਂਦਾ, ਜਦ ਕਿ ਪਤਾ ਨਹੀਂ ਹੁੰਦਾ ਕਿ ਕੱਲ੍ਹ ਕੀ ਹੋਣਾ ਹੈ। ਬਹੁਤ ਵਾਰੀ ਗਲਤ ਢੰਗ ਨਾਲ ਕਮਾਏ ਗਏ ਪੈਸੇ ਨਾਲ ਬੱਚੇ ਵਿਗੜ ਵੀ ਜਾਂਦੇ ਹਨ। ਉਹ ਸੋਚਣ ਲੱਗੀ ਮਨੁੱਖ ਪੰਛੀਆਂ ਤੋਂ ਕਿਉਂ ਨਹੀਂ ਸਿੱਖਦਾ। ਬੱਚਿਆਂ ਨੂੰ ਇੰਨਾ ਕਾਮਯਾਬ ਬਣਾਓ ਕਿ ਉਹ ਆਪਣਾ ਭਵਿੱਖ ਆਪ ਸੰਵਾਰ ਸਕਣ ਨਾ ਕਿ ਮਾਂ ਬਾਪ ਦੀ ਅੰਨ੍ਹੀ ਜਾਇਦਾਦ ਕਾਰਨ ਗਲਤ ਰਾਹੇ ਤੁਰ ਪੈਣ।

# "ਸਾਨੂੰ ਭੋਜਨ ਚਾਹੀਦਾ ਹੈ, ਤੰਬਾਕੂ ਨਹੀਂ"

**ਸਫਾ 8 ਦੀ ਬਾਕੀ**

ਸੰਪਰਕ ਵਿੱਚ ਆਉਣ, ਤੰਬਾਕੂ ਉਤਪਾਦਾਂ ਤੱਕ ਪਹੁੰਚ ਵਿੱਚ ਆਸਾਨੀ, ਅਤੇ ਅਨੁਕੂਲ ਵਾਤਾਵਰਣ ਸਥਿਤੀਆਂ ਕਾਰਨ ਹਰ ਰੋਜ਼ ਸਿਗਰਟ ਪੀਣੀ ਸ਼ੁਰੂ ਕਰਦੇ ਹਨ। ਖੋਜ ਦਰਸਾਉਂਦੀ ਹੈ ਕਿ 7 ਸਾਲ ਤੋਂ ਘੱਟ ਉਮਰ ਦੇ ਬੱਚੇ ਆਪਣੇ ਮਾਪਿਆਂ ਦੇ ਲੁਭਾਉਣ ਕਾਰਨ ਸਿਗਰਟ ਪੀਂਦੇ ਹਨ ਅਤੇ ਆਪਣੇ ਘਰਾਂ ਵਿੱਚ ਨਿਯਮਤ ਤੌਰ 'ਤੇ ਤੰਬਾਕੂ ਦੇ ਸੰਪਰਕ ਵਿੱਚ ਰਹਿੰਦੇ ਹਨ। ਇਹ ਰੁਝਾਨ ਇੰਨਾ ਮਜ਼ਬੂਤ ਹੈ ਕਿ ਜੇਕਰ ਪਰਿਵਾਰਾਂ ਦੇ ਆਧਾਰ 'ਤੇ ਦਿਸ਼ਾ-ਨਿਰਦੇਸ਼ਾਂ ਦੀ ਸਥਾਪਨਾ ਨਹੀਂ ਕੀਤੀ ਜਾਂਦੀ, ਤਾਂ ਅਜਿਹੇ ਘਰਾਂ ਦੇ ਬੱਚਿਆਂ ਨੂੰ ਗੈਰ-ਸੰਚਾਰੀ ਬਿਮਾਰੀਆਂ ਦੇ ਵਿਕਾਸ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ। ਕੁਝ ਦਿਲ ਅਤੇ ਸਾਹ ਦੀਆਂ ਬਿਮਾਰੀਆਂ, ਜਿਵੇਂ ਕਿ ਦਮਾ, ਛੋਟੀ ਉਮਰ ਵਿੱਚ ਅਚਾਨਕ ਬਾਲ ਮੌਤ ਦਾ ਸਾਹਮਣਾ ਕਰਦੇ ਹਨ। ਤੰਬਾਕੂ ਦੀ ਕੀਮਤ ਸਮੁੱਚੀ ਉਤਪਾਦ ਦੀ ਲਾਗਤ ਜਾਂ ਸਹਾਇਤਾ ਦਾ ਇੱਕ ਛੋਟਾ ਜਿਹਾ ਹਿੱਸਾ ਸੀ, ਇਸਲਈ ਤੰਬਾਕੂ ਨਿਰਮਾਤਾਵਾਂ ਨੇ ਅਸਲ ਵਿੱਚ ਕਿਸੇ ਨਾ ਕਿਸੇ ਤਰੀਕੇ ਨਾਲ ਪਰਵਾਹ ਨਹੀਂ ਕੀਤੀ। ਹਾਲਾਂਕਿ, ਇਸਨੇ ਸਰਕਾਰੀ ਵਿਗਿਆਨੀਆਂ ਅਤੇ ਸਿਗਰਟਨੋਸ਼ੀ ਕਰਨ ਵਾਲਿਆਂ ਨੂੰ ਖੁਸ਼ ਕੀਤਾ ਜੋ ਨਿਕੋਟੀਨ ਅਤੇ ਟਾਰ ਦੇ ਪੱਧਰ ਨੂੰ ਘਟਾਉਣਾ ਚਾਹੁੰਦੇ ਸਨ ।ਇਹ ਕੁਦਰਤੀ ਹੈ ਕਿ ਵਿਗਿਆਨੀਆਂ ਅਤੇ ਸਿਗਰਟਨੋਸ਼ੀ ਕਰਨ ਵਾਲੇ ਦੋਵਾਂ ਨੇ ਇਸ ਤੱਥ ਨੂੰ ਨਜ਼ਰਅੰਦਾਜ਼ ਕਰਨਾ ਚੁਣਿਆ ਹੈ ਕਿ ਸਿਗਰਟਨੋਸ਼ੀ ਕਰਨ ਵਾਲੇ ਲੰਬੇ ਅਤੇ ਡੂੰਘੇ ਸਾਹ ਲੈਣ ਦੇ ਨਾਲ-ਨਾਲ ਜ਼ਿਆਦਾ ਸਿਗਰੇਟ ਪੀ ਕੇ ਇਸ ਦੀ ਪੂਰਤੀ ਕਰਦੇ ਹਨ। ਜੇ ਉਹ ਹੋਰ ਸਿਗਰਟਾਂ ਖਰੀਦਦੇ,ਜਿਸ ਦਾ ਟੈਕਸ ਸਰਕਾਰਾਂ ਨੂੰ ਸਿੱਧਾ ਜਾਂਦਾ ਹੈ, ਤੇ ਇਸ ਪ੍ਰਤੀ ਚੁਪ ਧਾਰੀ ਬੈਠੀਆਂ ਹਨ। ਸੱਚਮੁੱਚ ! "ਪੈਸੇ ਨੂੰ ਕੌਣ ਪਿਆਰ ਨਹੀਂ ਕਰਦਾ ?" ਪਰ ਇਹ ਨਵੀਂ ਪੀੜ੍ਹੀ ਨੂੰ ਬਰਬਾਦ ਕਰ ਰਿਹਾ ਹੈ ਜਿਸ ਵਾਰੇ ਸਰਕਾਰਾਂ ਅਤੇ ਆਮ ਜੰਨਤਾਂ ਨੂੰ ਕੁਝ ਠੋਸ ਕਦਮ ਚੁਕਣ ਦੀ ਲੋੜ ਹੈ।

# ਪ੍ਰਮਾਤਮਾ ਹਰ ਜਗ੍ਹਾਂ

ਨਾਨਕ : ਮਰਦਾਨਿਆਂ ਐਥੇ ਥੋੜ੍ਹੀ ਜਿਹੀ ਜਗ੍ਹਾ ਸਾਫ ਕਰਕੇ ਬੈਠ ਜਾ।

ਮਰਦਾਨਾ: ਇਹ ਤਾਂ ਕਬਰਸਤਾਨ ਏ, ਮੈਨੂੰ ਡਰ ਲੱਗਦਾ ਏ।

ਨਾਨਕ : ਮੋਇਆਂ ਕੋਲੋਂ ਡਰ ? ਉਨ੍ਹਾਂ ਸਰੀਰ ਤੇ ਵੀ ਮਣਾ ਮੂਹੀ ਮਿੱਟੀ ਪਈ ਹੋਈ ਏ, ਤੈਨੂੰ ਕਿਵੇਂ ਇਹ ਉਠ ਕੇ ਕੁਝ ਕਹਿਣਗੇ, ਤੇ ਰਬਾਬ ਠੀਕ ਕਰ।

ਗੁਰੂ ਨਾਨਕ ਸਾਹਿਬ ਕੰਨਾ ਵਿੱਚ ਉਂਗਲਾਂ ਦੇ ਕੇ ਅੱਲ੍ਹਾ ਹੂ ਅਕਬਰ, ਅੱਲਾ ਹੂ ਅਕਬਰ ..... ਦੀ ਅਧੂਰੀ ਬਾਗ ਦਿੰਦੇ ਹਨ।

(ਮੁਸਲਮਾਨ ਬਾਂਗ ਦੀ ਆਵਾਜ਼ ਕੰਨੀ ਪੈਣ ਤੇ ਜਿਥੇ ਵੀ ਹੋਣ ਖੜ੍ਹ ਜਾਂਦੇ ਹਨ ਅਤੇ ਬਾਂਗ ਸੁਣ ਕੇ ਪੂਰਾ ਕਲਮਾ ਪੜ੍ਹ ਕੇ ਅੱਗੇ ਤੁਰਦੇ ਹਨ। ਪਰ ਬਾਂਗ ਅੱਧੀ ਸੀ ਅਤੇ ਕਬਰਸਤਾਨ ਵੱਲੋਂ ਬਾਂਗ ਦੀ ਆਵਾਜ ਆ ਰਹੀ ਸੀ, ਇਹ ਦੱਖਣ ਲਈ ਕੁਝ ਮੁਸਲਮਾਨ ਕਬਰਸਤਾਨ ਵੱਲ ਆ ਗਏ, ਉਨ੍ਹਾਂ ਨਾਲ ਇੱਕ ਮੌਲਦੀ ਵੀ ਸੀ। ਉਨ੍ਹਾਂ ਨੇ ਇੱਕ ਮਸਤਾਨ ਜਿਹੇ ਫਕੀਰ ਨੂੰ ਵੇਖਿਆ ਜਿਸ ਦੇ ਨਾਲ ਰਬਾਬੀ ਦੀ ਸੀ।



ਖਲੀਫਾ : ਬਾਂਗ ਕਿਸ ਨੇ ਦਿੱਤੀ ਹੈ।

ਨਾਨਕ : ਮੈਂ ਦਿੱਤੀ ਹੈ।

ਮੌਲਵੀ : ਬਾਂਗ ਅਧੂਰੀ ਸੀ

ਨਾਨਕ : ਬਾਂਗ ਪੂਰੀ ਸੀ

ਮੌਲਵੀ : ਕਬਰਸਤਾਨ ਵਿਚ ਬਾਂਗ ਕਿਉਂ ਦਿੱਤੀ ਏ?

ਨਾਨਕ : ਕੀ ਇਥੇ ਰੱਬ ਨਹੀਂ ਏ ?

ਮੌਲਵੀ : ਇਹ ਨਾਲ ਕੀ ਏ

ਨਾਨਕ : ਇਹ ਰਬਾਬ ਹੈ ਹੁਣ ਗਾਵਾਂਗੇ

ਮੌਲਵੀ : ਇਹ ਕੋਈ ਮਸਤ ਮਲੰਗ ਏ, ਇਸ ਨੂੰ ਖਲੀਫੇ ਕੋਲ ਲੈ ਚੱਲੀਏ ਇਸ ਨੂੰ ਸਮਝਾਉਣਗੇ।

(ਦੋਹਾਂ ਨੂੰ ਬਗਦਾਦ ਦੇ ਖਲੀਫੇ ਕੋਲ ਪੇਸ਼ ਕੀਤਾ ਜਾਂਦਾ ਹੈ।)

ਖਲੀਫਾ : ਸਾਈਂ ਜੀ ਕੌਣ ਹੁੰਦੇ ਹਨ?

ਨਾਨਕ : ਰੱਬ ਨੂੰ ਹਰ ਥਾਂ 'ਤੇ ਸਮਝ ਕੇ, ਉਹ ਕਿਥੇਂ ਨਹੀਂ ਏ

ਖਲੀਫਾ : ਇਹ ਬਾਂਗ ਦਾ ਸਮਾਂ ਨਹੀਂ

ਨਾਨਕ : ਰੱਬ ਦੀ ਯਾਦ ਲਈ ਕੋਈ ਸਮਾਂ ਮੁਕੱਰਰ ਨਹੀਂ ਹੁੰਦਾ, ਉਹੀ ਪਲ, ਉਹੀ ਘੜੀ ਜਿਹੜੀ ਉਸ ਦੀ ਯਾਦ ਵਿਚ ਗੁਜਰੇ।

ਖਲੀਫਾ : ਇਹ ਬਾਂਗ ਅਧੂਰੀ ਸੀ

ਨਾਨਕ : ਕਿਵੇਂ ਤੁਸੀਂ ਬੋਲੋ ਮੈਂ ਮਹਿਨੇ ਕਰਾਂ ਜਾਂ ਮੈਂ ਬੋਲਾ ਤੁਸੀਂ ਮਹਿਨੇ ਕਰੋ।

ਖਲੀਫ਼ਾ : ਅੱਲ੍ਹਾ ਹੂ ਅਕਬਰ ਅੱਲ੍ਹਾਂ ਹੂ ਅਕਬਰ

ਨਾਨਕ : ਖੁਦਾ ਸਭ ਤੋਂ ਵੱਡਾ ਖੁਦੀ ਹੀ ਸਭ ਤੋਂ ਵੱਡੀ ਹੈ।

ਖਲੀਫਾ : ਇਲਾਹ ਇਲਲਾਹ

ਨਾਨਕ : ਉਹ ਲਾ ਸ਼ਰੀਕ ਲੈ ਉਸ ਦਾ ਕੋਈ ਸਾਨੀ ਨਹੀਂ।

ਖਲੀਫਾ : ਮੁਹੰਮਦ ਰਸੂਲ ਲਿਲਾ

ਨਾਨਕ : ਮੁਹੰਮਦ ਵਰਗੇ ਤਾਂ ਉਸ ਨੇ ਕਈ ਰਸੂ ਭੇਜੇ ਮੁਹੰਮਦ ਸਾਹਿਬ ਨੂੰ ਆਇਆ ਕੇਵਲ ਨੌਂ ਸਦੀਆਂ ਹੋਈਆਂ ਹਨ ਅਤੇ ਅੱਲ੍ਹਾ ਨੂੰ ਸ੍ਰਿਸ਼ਟੀ ਸਾਜਿਆਂ ਕਈ ਅਰਬਾਂ ਸਾਲ ਹੋਏ। ਜਿਸ ਦਾ ਕਿਸੇ ਨੂੰ ਪਤਾ ਵੀ ਨਹੀਂ।



ਇਤਨਾ ਸਮਾਂ ਉਸ ਨੇ ਕਈ ਪੀਰ ਪੈਗੰਬਰ ਅਵਤਾਰ ਨਬੀ ਭੇਜੇ ਤੇ ਭੇਜਦਾ ਰਹੂਗਾ। ਜਿਵੇਂ ਉਹ ਆਪ ਬੇਅੰਤ ਹੈ ਉਸ ਦੇ ਰਸੂਲ ਵੀ ਬੇਅੰਤ ਹਨ। ਉਸ ਨੂੰ ਇਕ ਕੁਜੇ ਵਿਚ ਬੰਦ ਨਾ ਕਰੋ। ਉਸ ਦੀ ਮਖਲੂਕ ਕੇਵਲ ਅਰਬ ਵਿਚ ਨਹੀਂ ਬੇਅੰਤ ਖੰਡਾਂ ਬ੍ਰਹਿਮੰਡਾਂ ਵਿਚ ਹੈ। ਉਸ ਨੂੰ ਸਾਰੀ ਸ੍ਰਿਸ਼ਟੀ ਦੀ ਚਿੰਤਾ ਹੈ। ਕੇਵਲ ਇਕ ਮੁਹੰਮਦ ਨੂੰ ਇਕ ਪੈਗੰਬਰ ਮਨ ਲੈਣਾ ਉਸ ਲਾ-ਸ਼ਰੀਕ ਦੀ ਤੌਹੀਨ ਹੈ। ਉਸ ਨੇ ਸਮੇਂ-ਸਮੇਂ ਅਨੁਸਾਰ ਕਈਆਂ ਨੂੰ ਖਲਕਤ ਲਈ ਭੇਜਿਆ ਹੈ।

ਜਿਤ ਦਰ ਲੱਖ ਮੁਹੰਮਦਾ, ਲਖ ਬ੍ਰਹਮਾ ਬਿਸ਼ਨੂ ਮਹੇਸ਼।

ਖਲੀਫਾ : ਤੂੰ ਕੌਣ ਫਕਰੀ ਹੈ ?

ਨਾਨਕ : ਫਕੀਰ ਦਾ ਕੋਈ ਮਜ਼ੱਹਬ ਨਹੀਂ ਹੁੰਦਾ। ਸਭ ਗੁਰ ਪੀਰ ਹਮਾਰੇ।

ਖਲੀਫਾ : ਤੁਸੀਂ ਇਹ ਸਾਜ ਕੀ ਰੱਖਿਆ ਏ ?

ਨਾਨਕ : ਇਹ ਰਬਾਬ ਹੈ, ਮੇਰਾ ਸਾਥੀ ਵਜਾਉਂਦਾ ਹੈ ਤੇ ਮੈਂ ਰੱਬ ਦੇ ਗੀਤ ਗਾਉਂਦਾ ਹਾਂ।

ਖਲੀਫਾ : ਸਾਡੀ ਸ਼ਰ੍ਹਾ ਵਿਚ ਗਾਣਾ ਕੁਫਰ ਹੈ।

ਨਾਨਕ : ਵੀਰਾਂ ਦੇ ਵਿਆਹ ਵੇਲੇ, ਪੁੱਤਾਂ ਦੇ ਵਿਆਹਾਂ ਵੇਲੇ, ਮਾਵਾਂ ਗੀਤ ਗਾ ਕੇ ਖੁਸ਼ੀਆਂ ਦਾ ਪ੍ਰਗਟਾਵਾਂ ਕਰਦੀਆਂ ਹਨ, ਤੇ ਪਿਉ ਪੁੱਤ-ਪਤੀ ਦੀ ਜਵਾਨੀ ਦੀ ਮੌਤ ਵਿਚ ਵੀ ਵੈਣ ਕਿਸੇ ਗੀਤ ਦੀ ਸੁਰ ਵਾਂਗ ਹੋ ਜਾਂਦੇ ਹਨ ਭਾਵੇਂ ਉਹ ਦੁੱਖ ਦਾ ਪ੍ਰਗਟਾਵਾ ਹੈ। ਤੇ ਜੇ ਰੱਬ ਦੀ ਯਾਦੀ ਵੀ ਕਿਸੇ ਸੁਰ ਵਿਚ ਕਿਸੇ ਗੀਤ ਦੁਆਰਾ ਗਾ ਲਈ ਜਾਵੇ ਤਾਂ ਇਸ ਵਿਚ ਕੀ ਹਰਜ਼ ਹੋ ਸਕਦਾ ਹੈ। ਆਪ ਸੁਰਾਂ ਨੂੰ ਛੱਡ ਕੇ ਵਿਚਾਰ ਕਰਕੇ ਉੱਤਰ ਦਿਓ।

(ਖਲੀਫੇ ਦੀ ਸਪੁੱਤਰੀ ਵਿਆਹੀ ਹੋਈ ਅਤੇ ਫਕੀਰਾਂ ਦਾ ਮਾਨ ਕਰਨ ਵਾਲੀ ਨਿਮਾਜ਼ਿਨ ਸੀ ਕੋਲ ਬੈਠੀ ਸਭ ਕੁਝ ਦੇਖ ਰਹੀ ਸੀ। ਜਿਸ ਨੇ ਪੂਰਨ ਫਕੀਰ ਮੰਨ ਲਿਆ ਹੈ। ਉਸ ਨੇ ਗੁਰੂ ਸਾਹਿਬ ਤੋਂ ਫਰਿਆਦ ਕੀਤੀ।)

ਬੀਬੀ : ਮੇਰੇ ਬੱਚਾ ਨਹੀਂ ਹੋਇਆ, ਤੂੰ ਪੂਰਾ ਸਾਈ ਲੋਕ ਦਿਸਦਾ ਏਂ ਕੋਈ ਤਾਵੀਜ ਦਿਓ।

ਨਾਨਕ : ਲਾ ਤਕਨਾਤੂ (ਅਰਬੀ ਸ਼ਬਦ ਹੈ) ਰੱਬ ਦੀ ਮਿਹਰਾਂ ਤੋਂ ਕਦੀ ਵੀ ਇਨਸਾਨ ਨੂੰ ਬੇਉਮੀਦ ਨਹੀਂ ਹੋਣਾ ਚਾਹੀਦਾ।

ਖਲੀਫਾ : ਫਕੀਰ ਸਾਈਂ ਕਿਹੜੇ ਦੇਸ਼ ਤੋਂ ਆਏ ਹੋ ?

ਨਾਨਕ : ਪੰਜਾਬ ਦੇਸ਼ ਤੋਂ

ਖਲੀਫਾ : ਕਿਥੇ ਚੱਲੇ ਹੋ ?

ਨਾਨਕ : ਮੱਕਾ ਸ਼ਰੀਫ ਦੀ ਯਾਤਰਾ 'ਤੇ

ਖਲੀਫਾ : ਤੁਹਾਡਾ ਨਾਂ ਨਾਨਕ ਹੈ ?

ਨਾਨਕ : ਹਾਂ ਜੀ ਇਸੇ ਨਾਲ-ਨਾਲ ਲੋਕ ਸੱਦਦੇ ਹਨ

ਖਲੀਫਾ : ਫਿਰ ਠੀਕ ਹੈ ਤੁਸਂ ਮਜ਼ਹਬਾਂ ਦੇ ਸੁਰਾਂ ਤੋਂ ਉਪਰ ਉਠ ਕੇ ਰੱਬ ਤਾਈਂ ਪਹੁੰਚੇ ਹੋਏ ਹੋ, ਤੁਹਾਡੀ ਤਾਰੀਫ ਅੱਗੇ ਸਾਡੀ ਕੰਨੀ ਪਈ ਏ। ਇਤਨੀ ਖੇਚਲ ਅਤੇ ਅਪਮਾਨ ਦੀ ਮੁਆਫੀ ਮੰਗਦੇ ਹਾਂ।

ਨਾਨਕ : ਕੋਈ ਖੇਚਲ ਨਹੀਂ ਹੋਈ ਅਤੇ ਨਾ ਹੀ ਅਪਮਾਨ ਹੋਇਆ ਹੈ। ਤੁਹਾਡੇ ਨਾਲ ਵਿਚਾਰਾਂ ਕਰਕੇ ਮਨ ਬਹੁਤ ਪ੍ਰਸੰਨ ਹੋਇਆ ਹੈ। ਖੁਦਾ ਤੁਹਾਨੂੰ ਖੁਸ਼ੀਆਂ ਬਖਸ਼ੇ।



# ਗੁਰਬਾਣੀ ਦੇ ਲਾਈਵ ਪ੍ਰਸਾਰਣ ਨੂੰ ਲੈ ਕੇ ਐੱਸਜੀਪੀਸੀ ਪ੍ਰਧਾਨ ਤੇ ਸੀਐੱਮ ਮਾਨ ਆਹਮੋ-ਸਾਹਮਣੇ, 'ਗੁਰਬਾਣੀ ਨੂੰ ਕੋਈ ਨਹੀਂ ਵੇਚ ਸਕਦਾ'

ਦਖਲ ਨਾ ਦਿਓ। ਮੈਂ ਕਿਹਾ ਜੇ ਬਾਦਲਾਂ ਦੇ ਚੈਨਲਾਂ ਤੋਂ ਗੁਰਬਾਣੀ ਦੇ ਕਬਜੇ ਨੂੰ ਛੁਡਾਉਣ ਦੀ ਕੋਈ ਗੱਲ ਕਰੇ ਤਾਂ ਧਾਰਮਿਕ ਮਾਮਲਿਆਂ 'ਚ ਦਖਲ...।"

"ਸ਼੍ਰੋਮਣੀ ਕਮੇਟੀ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਹੈ ਇਹ ਸਿਆਸਤ ਵਿੱਚ ਦਖਲ ਕਿਉਂ ਦਿੰਦੇ ਹਨ।"

ਉਨ੍ਹਾਂ ਨੇ ਅੱਗੇ ਕਿਹਾ, "ਜੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਧਾਮੀ ਜਲੰਧਰ ਜਾ ਕੇ ਅਕਾਲੀ ਦਲ ਲਈ ਵੋਟ ਮੰਗੇ ਤਾਂ ਉਹ ਨਿੱਜੀ ਫੈਸਲਾ... ਅਸੀਂ ਕਿਹਾ ਕਿ ਸਾਰਾ ਪੈਸਾ ਸਰਕਾਰ ਲਗਾ ਦੇਵੇਗੀ। ਇਹ ਕੌਣ ਹਨ ਗੁਰਬਾਣੀ ਦੇ ਰਾਈਟ ਪੀਟੀਸੀ ਨੂੰ ਦੇਣ ਵਾਲੇ।"

ਭਗਵੰਤ ਮਾਨ ਨੇ ਐਤਵਾਰ ਨੂੰ ਇਸ ਤੋਂ ਪਹਿਲਾਂ ਇੱਕ ਟਵੀਟ ਕਰਕੇ ਇਹ ਗੱਲ ਆਖੀ ਸੀ।

ਉਨ੍ਹਾਂ ਨੇ ਇੱਕ ਟਵੀਟ ਕਰਦਿਆਂ ਲਿਖਿਆ, "ਸਾਂਝੀਵਾਲਤਾ ਦੀ ਪ੍ਰਤੀਕ ਅਤੇ ਸਰਬੱਤ ਦਾ ਭਲਾ ਮੰਗਣ ਵਾਲੀ ਪਵਿੱਤਰ ਗੁਰਬਾਣੀ ਦੇ ਪ੍ਰਸਾਰਣ ਦਾ ਹੱਕ ਸਿਰਫ ਇੱਕ ਖਾਸ ਚੈਨਲ ਨੂੰ ਹੀ ਕਿਉਂ ਦਿੱਤੇ ਜਾਂਦੇ ਹਨ ? ਸਾਰੇ ਚੈਨਲਾਂ ਨੂੰ ਗੁਰਬਾਣੀ ਟੈਲੀਕਾਸਟ ਲਈ ਮੁਫਤ ਅਧਿਕਾਰ ਮਿਲਣੇ ਚਾਹੀਦੇ ਹਨ। ਪੰਜਾਬ ਸਰਕਾਰ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਅਤਿ ਆਧੁਨਿਕ ਉਪਕਰਨਾਂ ਦਾ ਸਾਰਾ ਖਰਚਾ ਕਰਨ ਨੂੰ ਤਿਆਰ ਹੈ।"

ਮੁੱਖ ਮੰਤਰੀ ਦੇ ਟਵੀਟ ਤੋਂ ਬਾਅਦ ਐਤਵਾਰ ਨੂੰ ਵੀ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਨੇ ਬਿਆਨ ਦੇ ਕੇ ਕਿਹਾ ਸੀ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਪੈਸਿਆਂ ਦੀ ਲੋੜ ਨਹੀਂ ਹੈ।

ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸੰਖੇਪ ਵਿੱਚ ਮੀਡੀਆ ਸਾਹਮਣੇ ਆਪਣੀ ਗੱਲ ਰੱਖੀ ਹੈ।

ਹਰਜਿੰਦਰ ਸਿੰਘ ਧਾਮੀ ਨੇ ਇਸ ਬਾਰੇ ਪ੍ਰਤੀਕਿਰਿਆ ਦਿੰਦਿਆਂ ਕਿਹਾ, "ਮੈਂ ਦੇਖ ਰਿਹਾ, ਜਿਨ੍ਹਾਂ ਨੂੰ ਨਹੀਂ ਬੋਲਣਾ ਚਾਹੀਦਾ ਉਹ ਵੀ ਬੋਲ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਅਕਾਲੀ ਦਲ ਖਾਲਸੇ ਦੀਆਂ ਦੋ ਮਜਬੂਤ ਸੰਪ੍ਰਦਾਵਾਂ ਹਨ।"

"ਸ਼ਾਇਦ ਉਹ ਸਮਝਦੇ ਹਨ ਕਿ ਅਕਾਲੀ ਦਲ ਉਨ੍ਹਾਂ ਨੇ ਕਮਜੋਰ ਕਰ ਦਿੱਤਾ ਤੇ ਹੁਣ ਉਨ੍ਹਾਂ ਦੇ ਉਵੇਸਲੇ ਵਾਰ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਨਿਕਲ ਰਹੇ ਹਨ।"

ਧਾਮੀ ਨੇ ਭਗਵੰਤ ਮਾਨ 'ਤੇ ਨਿਸ਼ਾਨਾ ਸਾਧਦਿਆਂ ਕਿਹਾ, "ਕਦੇ ਕਿਹਾ ਜਾਂਦਾ ਗੋਲਕਾਂ 'ਚ ਪੈਸੇ ਪਾਉਣੇ ਬੰਦ ਕਰ ਦਿਓ ਤੇ ਕਦੇ ਕਹਿੰਦੇ ਹਨ ਇਹ ਤੋਤੇ ਹਨ ਅਤੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮਾਨ ਸਾਬ੍ਹ ਕੀ ਤੁਸੀਂ ਦਿੱਲੀ ਵਾਲਿਆਂ ਦੇ ਤੋਤੇ ਹੋ ?"

ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੌਮ ਦੀ ਇੱਕ ਵਿੱਡੀ ਸੰਸਥਾ ਹੈ ਅਤੇ ਇਸ ਦਾ ਸਾਰਾ ਕਾਰਜ ਨਿਯਮ ਮੁਤਾਬਕ ਹੁੰਦਾ ਹੈ ਅਤੇ ਨਿਯਮਾਂ 'ਤੇ ਪੂਰਾ ਪਹਿਰਾ ਦਿੱਤਾ ਜਾ ਰਿਹਾ ਹੈ।

ਪਰ ਬੋਲਣ ਵੇਲੇ ਸ਼ਬਦਾਂ ਨੂੰ ਧਿਆਨ ਵਿੱਚ ਰੱਖਣਾ ਜਰੂਰੀ ਹੈ।

ਉਨ੍ਹਾਂ ਨੇ ਕਿਹਾ, "ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਅਕਾਲੀ ਦਾ ਵੀ ਮੈਂਬਰ ਹੈ। ਸਾਡਾ ਮੀਰੀ-ਪੀਰੀ ਵਾਲਾ ਸਿਧਾਂਤ ਹੈ ਅਸੀਂ ਹੁਣ ਦਿੱਲੀ ਵਾਲਿਆਂ ਨੂੰ ਪੁੱਛ ਕੇ ਸਿਆਸਤ ਨਹੀਂ ਕਰਨੀ... ਤੁਹਾਡਾ ਯਤਨ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਖੇਰੂੰ-ਖੇਰੂੰ ਕਰੀਏ ਤੇ ਇਹ ਗੱਲ ਬਿਲਕੁਲ ਠੀਕ ਨਹੀਂ।"

"ਆਪਣੀ ਸੀਮਾ ਵਿੱਚ ਰਹਿ ਕੇ ਗੱਲ ਕਰੋ ਤੇ ਬੋਲੀ ਸੁਚੱਜੀ ਬੋਲੀ ਬੋਲਣੀ ਚਾਹੀਦੀ ਹੈ। ਪੰਜਾਬ ਦਾ ਮੁੱਖ ਮੰਤਰੀ ਜਦੋਂ ਬੋਲਦਾ ਹੈ ਤੇ ਉਸ ਦੇ ਬੋਲਾਂ ਤਾਂ ਮੁੱਲ ਹੁੰਦਾ ਹੈ।"

**ਜਲਦ ਖੁੱਲ੍ਹਣਗੇ ਟੈਂਡਰ**

ਐੱਸਜੀਪੀਸੀ ਪ੍ਰਧਾਨ ਧਾਮੀ ਨੇ ਪੀਟੀਸੀ ਨੂੰ ਅਧਿਕਾਰ ਮਿਲਣ ਬਾਰੇ ਗੱਲ ਕਰਦਿਆਂ ਅੱਗੇ ਕਿਹਾ, "ਮੈਂ ਤੁਹਾਨੰ ਦੱਸਣਾ ਚਾਹੁੰਦਾ ਹਾਂ ਕਿ ਪੀਟੀਸੀ 'ਤੇ ਲੋਕਾਂ ਲਈ ਇਹ ਮੁਫਤ ਚੱਲ ਰਿਹਾ। ਪੀਟੀਸੀ ਚੈਨਲ ਵਾਲੇ ਸਾਨੂੰ ਪੈਸੇ ਦਿੰਦੇ ਹਨ ਅਤੇ ਦਰਸ਼ਕ ਇਸ ਨੂੰ ਮੁਫਤ ਦੇਖਦੇ ਹਨ। ਸਿਰਫ ਕੇਬਲ ਜਾਂ ਡਿਸ਼ ਦਾ ਕਨੈਕਸ਼ਨ ਲੈਣ ਲਈ ਹੀ ਪੈਸੇ ਦਿੱਤੇ ਜਾਂਦੇ ਹਨ ਅਤੇ ਉਹ ਸਿਰਫ ਪੀਟੀਸੀ ਨਹੀਂ ਹੈ ਬਲਕਿ ਹੋਰ ਵੀ ਕਈ ਚੈਨਲ ਹੁੰਦੇ ਹਨ।"

"ਇਸ ਕਰਕੇ ਲੋਕਾਂ ਨੂੰ ਭੁਲੇਖਾ ਪਾਇਆ ਜਾ ਰਿਹਾ ਹੈ ਗੁਰਬਾਣੀ ਨੂੰ ਵੇਚਿਆ ਜਾ ਰਿਹਾ ਹੈ। ਅਸੀਂ ਗੁਰਬਾਣੀ ਨੂੰ ਬਿਲਕੁਲ ਨਹੀਂ ਵੇਚ ਰਹੇ। ਸਾਡੇ ਆਪਣੇ ਵੀ ਯਤਨ ਜਾਰੀ ਹਨ।"

ਧਾਮੀ ਨੇ ਦੱਸਦਿਆਂ ਕਿਹਾ ਕਿ ਉਨ੍ਹਾਂ ਦਾ ਇਕਰਾਰਨਾਮਾ ਪੀਟੀਸੀ ਨਾਲ 2023 ਵਿੱਚ ਖਤਮ ਹੋ ਜਾਣਾ ਤੇ ਅਗਾਂਹ ਅਖਬਾਰ ਵਿੱਚ ਖੁੱਲ੍ਹਾ ਟੈਂਡਰ ਦਿੱਤਾ ਜਾਵੇਗਾ।

ਧਾਮੀ ਨੇ ਅੱਗੇ ਕਿਹਾ, "ਫਿਰ ਜਿਹੜਾ ਮਰਜੀ ਟੈਂਡਰ ਭਰ ਸਕਦਾ ਪਰ ਸ਼ਰਤ ਇਹ ਹੈ ਕਿ ਦੁਨੀਆਂ ਦੇ ਕੋਨੇ-ਕੋਨੇ 'ਚ ਇਸ ਦਾ ਪ੍ਰਸਾਰਣ ਹੋਣਾ ਚਾਹੀਦਾ ਹੈ। ਉਸ ਦੀਆਂ ਬਾਕੀ ਸ਼ਰਤਾਂ ਲਈ ਮੈਂ ਸਬ ਕਮੇਟੀ ਬਣਾ ਦਿੱਤੀ ਹੈ।"

ਐਕਸਕਲੂਸਿਵ ਰਾਈਟਸ ਦਾ ਜ਼ਿ?ਕਰ ਕਰਦਿਆਂ ਧਾਮੀ ਨੇ ਕਿਹਾ, "ਇਹ ਰਾਈਟ ਇੱਕ ਨੂੰ ਦਿੱਤੇ ਜਾਂਦੇ ਹਨ, ਜਿਸ ਨਾਲ ਇਕਰਾਰਨਾਮਾ ਹੋਵੇ ਤੇ ਉਹ ਅੱਗੇ ਟੀਵੀ ਚੈਨਲਾਂ ਨੂੰ ਲਿੰਕ ਦਿੰਦਾ ਹੈ। ਜੇ ਅਸੀਂ 50 ਟੀਵੀ ਚੈਨਲਾਂ ਨੂੰ ਅਧਿਕਾਰ ਦੇ ਦਈਏ ਤਾਂ ਮੈਨੂੰ ਲੱਗਦਾ ਕਿ ਸੱਚਖੰਡ ਵਿੱਚ ਤਾਂ ਕੋਈ ਮੱਥਾ ਹੀ ਨਹੀਂ ਟੇਕ ਸਕੇਗਾ।"

ਧਾਮੀ ਨੇ ਅੱਗੇ ਕਿਹਾ, "ਕਈ ਵਾਰ ਅੱਗੇ ਲਿੰਕਸ ਦਿੱਤੇ ਜਾਂਦੇ ਹਨ ਤੇ ਉਹ ਗੁਰਬਾਣੀ ਦੇ ਪ੍ਰਸਾਰਣ ਦੌਰਾਨ ਐਡਸ ਚਲਾਉਂਦੇ ਹਨ ਅਤੇ ਮੈਨੂੰ ਫੋਨ ਆਉਂਦੇ ਹਨ ਕਿ ਹੁਣ ਗੁਰਬਾਣੀ ਦਾ ਇਹ ਹਾਲ ਹੋਵੇਗਾ।"

"ਜਿਸ ਨੇ ਗੁਰਬਾਣੀ ਚਲਾਉਣੀ ਉਹ ਲਿੰਕ ਲੈ ਲਵੇ ਪਰ ਉਸ ਵਿੱਚ ਇਸ਼ਤਿਹਾਰ ਦੇਣੇ ਸ਼ੋਭਾ ਨਹੀਂ ਦਿੰਦੇ।"

**ਕਦੋਂ ਸ਼ੁਰੂ ਹੋਇਆ ਗੁਰਬਾਣੀ ਦਾ ਲਾਈਵ ਪ੍ਰਸਾਰਣ**

ਇਸ ਦੌਰਾਨ ਧਾਮੀ ਨੇ ਲਾਈਵ ਗੁਰਬਾਣੀ ਦੇ ਪ੍ਰਸਾਰਣ ਬਾਰੇ ਬੋਲਦਿਆਂ ਕੁਝ ਜਾਣਕਾਰੀ ਵੀ ਸਾਂਝੀ ਕੀਤੀ। ਉਨ੍ਹਾਂ ਨੇ ਦੱਸਿਆ ਕਿ ਸਭ ਤੋਂ ਪਹਿਲੀ ਵਾਰ 1998 ਵਿੱਚ ਗੁਰਬਾਣੀ ਦੇ ਲਾਈਵ ਪ੍ਰਸਾਰਣ ਦਾ ਯਤਨ ਕੀਤਾ ਗਿਆ ਅਤੇ ਸਭ ਤੋਂ ਪਹਿਲਾਂ ਅਧਿਕਾਰ ਪੰਜਾਬੀ ਵਰਲਡ ਟੀਵੀ ਨੂੰ ਦਿੱਤੇ ਗਏ, ਜੋ ਪੂਰਾ ਨਾ ਕਰ ਸਕੇ ਅਤੇ 1999 ਵਿੱਚ ਛੱਡ ਕੇ ਚਲੇ ਗਏ। ਇਸ ਮਗਰੋਂ ਯੂਕੇ ਖਾਲਸਾ ਵਰਲਡ ਟੀਵੀ ਨੌਰਥ ਇੰਡੀਅਨ ਟੈਲੀਵਿਜਨ ਲਿਮੀਟਡ ਨਾਲ ਇਕਰਾਰਨਾਮਾ ਹੋਇਆ ਪਰ ਉਨ੍ਹਾਂ ਨੇ ਲਾਈਵ ਕਰਨ ਵਿੱਚ ਅਸਮਰੱਥਾ ਜਾਹਰ ਕੀਤੀ ਤੇ ਉਹ ਇਕਰਾਰਨਾਮਾ ਖਤਮ ਹੋ ਗਿਆ।

ਧਾਮੀ ਨੇ ਦੱਸਿਆ, "ਸਤੰਬਰ 2000 ਵਿੱਚ ਈਟੀਸੀ ਵਾਲਿਆਂ ਨਾਲ ਸਾਡਾ ਇਕਰਾਰਨਾਮਾ ਹੋਇਆ ਤੇ ਉਨ੍ਹਾਂ ਸਾਨੂੰ 50 ਲੱਖ ਰੁਪਏ ਸਾਲ ਦੇਣੇ ਸੀ। ਪਰ ਇਹ ਵੀ ਸਫਲ ਨਹੀਂ ਹੋ ਸਕੇ।"

"ਆਖਰ ਵਿੱਚ ਫਿਰ ਜੀ ਨੈਕਸਟ ਮੀਡੀਆ ਨੇ ਸਾਡਾ ਤਬਾਦਲਾ ਕਰ ਕੇ ਪੀਟੀਸੀ ਵਿੱਚ ਤਬਦੀਲ ਕਰ ਦਿੱਤਾ। ਇਹ ਸਫਰ ਸਾਲ 2007 ਵਿੱਚ ਸਾਡਾ ਪੀਟੀਸੀ ਨਾਲ ਸ਼ੁਰੂ ਹੋਇਆ।"

"2012 ਵਿੱਚ 11 ਸਾਲ ਦਾ ਇਸ ਦਾ ਇੱਕ ਨਵਾਂ ਇਕਰਾਰਨਾਮਾ ਸਾਡੇ ਨਾਲ ਹੋਇਆ ਅਤੇ ਇਹ 2023 ਤੱਕ ਹੈ।"

ਧਾਮੀ ਮੁਤਾਬਕ, "ਪੀਟੀਸੀ ਨੇ ਸਾਨੂੰ 2012 ਵਿੱਚ ਇੱਕ ਕਰੋੜ ਰੁਪਏ ਸਾਲ ਦਾ ਦੇਣਾ ਸ਼ੁਰੂ ਕੀਤਾ ਅਤੇ ਇਸ ਵਿੱਚ ਸਲਾਨਾ 10 ਫੀਸਦ ਵਾਧੇ ਦੀ ਪੇਸ਼ਕਸ਼ ਵੀ ਰੱਖੀ ਗਈ ਸੀ ਅਤੇ ਅੱਜ ਉਹ ਰਾਸ਼ੀ 2 ਕਰੋੜ ਰੁਪਏ ਸਾਲਾਨਾ ਬਣ ਗਈ ਹੈ।"

ਧਾਮੀ ਮੁਤਾਬਕ, "ਉਦੋਂ ਤੋਂ ਹੀ ਪੀਟੀਸੀ ਲਗਾਤਾਰ ਲਾਈਵ ਪ੍ਰਸਾਰਣ ਕਰ ਰਹੇ ਹਨ। ਇਸ ਤੋਂ ਇਲਾਵਾ ਸਾਡਾ ਕੋਈ ਸਮਾਗਮ ਹੋਵੇ, ਵਿਦਿਅਕ, ਦਿਵਾਨ ਹਾਲ ਜਾਂ ਹੋਰ ਕਿਸੇ ਵੀ ਤਰ੍ਹਾਂ ਦਾ ਸਮਾਗਮ, ਕਿਸੇ ਵੀ ਗੁਰਦੁਆਰੇ ਉਹ ਸਾਡੇ ਕੋਲੋਂ ਕੋਈ ਪੈਸਾ ਨਹੀਂ ਲੈਂਦੇ।"

# ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾ ਮੁਕਤੀ ਦੇ ਨੇਮਾਂ ਲਈ ਬਣੇਗੀ ਵਿਸ਼ੇਸ਼ ਕਮੇਟੀ

ਅੰਮ੍ਰਿਤਸਰ: ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਇੱਥੇ ਹੋਈ, ਜਿਸ 'ਚ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾ ਮੁਕਤੀ ਅਤੇ ਕਾਰਜ ਖੇਤਰ ਸਬੰਧੀ ਨਿਯਮ ਨਿਰਧਾਰਨ ਕਰਨ ਬਾਰੇ ਇੱਕ ਵਿਸ਼ੇਸ਼ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਦੇ ਨਾਲ ਹੀ ਮੀਟਿੰਗ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ 'ਤੇ ਸ਼ੋਕ ਮਤਾ ਪਾਸ ਕਰ ਕੇ ਸ਼ਰਧਾਂਜਲੀ ਦਿੱਤੀ ਗਈ।



ਜਾਣਕਾਰੀ ਅਨੁਸਾਰ ਮੀਟਿੰਗ 'ਚ ਰੋਜ਼ਾਨਾ ਪੰਜਾਬ 'ਚ ਵਾਪਰ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਪ੍ਰਤੀ ਡੂੰਘੀ ਚਿੰਤਾ ਜ਼ਾਹਿਰ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਇਨ੍ਹਾਂ ਬੇਅਦਬੀ ਦੀਆਂ ਘਟਨਾਵਾਂ ਨੂੰ ਠੱਲ੍ਹਣ ਲਈ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਲਈ ਤੁਰੰਤ ਕਾਰਵਾਈ ਕੀਤੀ ਜਾਵੇ। ਮੀਟਿੰਗ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮੀਟਿੰਗ 'ਚ ਦਿੱਲੀ ਸਥਿਤ ਜੰਤਰ-ਮੰਤਰ 'ਤੇ ਧਰਨਾ ਦੇ ਰਹੀਆਂ ਮਹਿਲਾ ਪਹਿਲਵਾਨਾਂ ਦੇ ਧਰਨੇ ਨੂੰ ਸਮਰਥਨ ਦੇਣ ਦਾ ਫ਼ੈਸਲਾ ਲਿਆ ਗਿਆ ਹੈ, ਅਤੇ ਇਨ੍ਹਾਂ ਖਿਡਾਰਨਾਂ ਨੂੰ ਮਿਲਣ ਵਾਸਤੇ ਸ਼੍ਰੋਮਣੀ ਕਮੇਟੀ ਵਲੋਂ ਇੱਕ ਵਫ਼ਦ ਦਿੱਲੀ ਭੇਜਿਆ ਜਾਵੇਗਾ। ਮੀਟਿੰਗ ਦੌਰਾਨ ਫ਼ੈਸਲਾ ਲਿਆ ਗਿਆ ਹੈ ਕਿ ਸਿੱਖਾਂ ਖ਼ਿਲਾਫ਼ ਕੂੜ ਪ੍ਰਚਾਰ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ, ਅਤੇ ਇਸ ਸਬੰਧੀ ਸਬੂਤਾਂ ਸਮੇਤ ਕੇਂਦਰ ਸਰਕਾਰ ਕੋਲ ਸ਼ਿਕਾਇਤ ਕੀਤੀ ਜਾਵੇਗੀ ਅਤੇ ਜੇਕਰ ਕੋਈ ਕਾਰਵਾਈ ਨਹੀਂ ਹੁੰਦੀ ਤਾਂ ਅਦਾਲਤ ਤਕ ਪਹੁੰਚ ਕੀਤੀ ਜਾਵੇਗੀ। ਉਨ੍ਹਾਂ ਰੋਸ ਜ਼ਾਹਿਰ ਕੀਤਾ ਕਿ ਸੂਬੇ 'ਚ ਨਿਤ ਵਾਪਰ ਰਹੀਆਂ ਇਨ੍ਹਾਂ ਘਟਨਾਵਾਂ ਪ੍ਰਤੀ ਸੂਬਾ ਸਰਕਾਰ ਬਿਲਕੁਲ ਵੀ ਗੰਭੀਰ ਨਹੀਂ। ਇਸ ਲਈ ਇਹ ਮਸਲਾ ਹੁਣ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਰੱਖਿਆ ਜਾਵੇਗਾ। ਗੁਰਦੁਆਰਾ ਗੁਰੂ ਡਾਂਗਮਾਰ ਸਿੱਕਮ ਅਤੇ ਗੁਰਦੁਆਰਾ ਤਪ-ਅਸਥਾਨ ਗੁਰੂ ਨਾਨਕ ਦੇਵ ਮੇਚੁਕਾ ਅਰੁਣਾਚਲ ਪ੍ਰਦੇਸ਼ ਦੇ ਮਾਮਲਿਆਂ ਸਬੰਧੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਕਮੇਟੀਆਂ ਬਣਾਈਆਂ ਗਈਆਂ ਹਨ ਜੋ ਸਬੰਧਤ ਸਰਕਾਰਾਂ ਨਾਲ ਗੱਲ ਕਰਨ ਲਈ ਜਾਣਗੀਆਂ। ਇਸ ਤੋਂ ਇਲਾਵਾ ਬੰਦੀ ਸਿੰਘਾਂ ਦੀ ਰਿਹਾਈ ਮਾਮਲੇ 'ਚ ਛੇਤੀ ਹੀ ਰਾਜਪਾਲ ਰਾਹੀਂ ਰਾਸ਼ਟਰਪਤੀ ਨੂੰ ਪ੍ਰਫ਼ੌਰਮੇ ਭੇਜੇ ਜਾਣਗੇ। ਇੱਕ ਸਵਾਲ ਦੇ ਜਵਾਬ 'ਚ ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਸ੍ਰੀ ਦਰਬਾਰ ਸਾਹਿਬ ਨੇੜੇ ਹੋਏ ਧਮਾਕਿਆਂ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵਲੋਂ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕੇ ਗਏ ਹਨ। ਇਸ ਮੀਟਿੰਗ 'ਚ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਅਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਸਮੇਤ ਅਧਿਕਾਰੀ ਹਾਜ਼ਰ ਸਨ।

ਜਥੇਦਾਰ ਦੇ ਭਖੇ ਮਾਮਲੇ ਬਾਰੇ ਨਹੀਂ ਕੀਤੀ ਚਰਚਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਬੰਧੀ ਉੱਠੇ ਵਿਵਾਦ ਬਾਰੇ ਵਿਚਾਰ-ਚਰਚਾ ਨਹੀਂ ਕੀਤੀ ਗਈ। ਇਸ ਦੇ ਨਾਲ ਹੀ ਮੀਡੀਆ ਮਿਲਣੀ ਮੌਕੇ ਵੀ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਜਥੇਦਾਰ ਵਲੋਂ ਸੰਸਦ ਮੈਂਬਰ ਅਤੇ ਫ਼ਿਲਮ ਕਲਾਕਾਰ ਦੇ ਮੰਗਣੀ ਸਮਾਗਮ 'ਚ ਸ਼ਾਮਿਲ ਹੋਣ ਦੇ ਵਿਵਾਦ ਬਾਰੇ ਕੋਈ ਟਿਪਣੀ ਕਰਨ ਤੋਂ ਗੁਰੇਜ਼ ਹੀ ਕੀਤਾ।

# ਹੈਲੀਕੌਪਟਰਾਂ ਦੀ ਆਵਾਜ਼ ਤੋਂ ਗਲੇਸ਼ੀਅਰ ਕੰਬਿਆ ਤਾਂ ਖਤਰੇ 'ਚ ਪੈ ਜਾਵੇਗਾ ਕੇਦਾਰਨਾਥ ਮੰਦਰ

ਚਮੋਲੀ: 25 ਅਪ੍ਰੈਲ 2023 ਤੋਂ ਸ਼ੁਰੂ ਹੋਈ ਕੇਦਾਰਨਾਥ ਯਾਤਰਾ 14 ਨਵੰਬਰ 2023 ਤਕ ਚਲੇਗੀ। ਇਸ ਦੌਰਾਨ ਯਾਤਰਾ ਕਰਨ ਵਾਲੇ ਸ਼ਰਧਾਲੂਆਂ ਦੀ ਗਿਣਤੀ ਦੇ ਸਾਰੇ ਰਿਕਾਰਡ ਟੁੱਟਣਗੇ। ਇਸ ਦਰਮਿਆਨ ਕੇਦਾਰਨਾਥ ਮੰਦਰ ਲਈ ਇੱਕ ਵੱਡਾ ਖ਼ਤਰਾ ਵੀ ਮੰਡਰਾ ਰਿਹਾ ਹੈ। ਉਹ ਹੈ ਹੈਲੀਕੌਪਟਰਾਂ ਦਾ ਰੌਲਾ-ਰੱਪਾ। ਰੌਲੇ ਨਾਲ ਘਾਟੀ 'ਚ ਤਰੇੜਾਂ ਅਤੇ ਹੈਲੀਕੌਪਟਰਾਂ ਦੇ ਧੂੰਏਂ ਦੇ ਕਾਰਬਨ ਨਾਲ ਪੂਰਾ ਇਲਾਕਾ ਖ਼ਤਰੇ ਦੀ ਜ਼ਦ 'ਚ ਹੈ। ਕੇਦਾਰਨਾਥ ਲਈ ਹੁਣ ਤਕ ਨੌਂ ਹੈਲੀਪੈਡ ਬਣ ਗਏ ਹਨ। ਜ਼ਿਕਰਯੋਗ ਹੈ ਕਿ ਅਸੀਂ ਭਗਵਾਨ ਤਕ ਪਹੁੰਚਣ ਲਈ ਇੰਨੇ ਸੌਖੇ ਅਤੇ ਗ਼ੈਰ-ਵਿਗਿਆਨਕ ਰਸਤੇ ਬਣਾ ਦਿੱਤੇ ਹਨ ਜਿਸ ਕਾਰਨ ਹੁਣ ਭਗਵਾਨ ਹੀ ਮੁਸੀਬਤ 'ਚ ਆ ਗਏ ਹਨ। ਕੇਦਾਰਨਾਥ ਘਾਟੀ 'ਚ ਸਵੇਰੇ 6 ਤੋਂ ਸ਼ਾਮ 6 ਵਜੇ ਤਕ ਹੈਲੀਕੌਪਟਰਜ਼ ਰੋਜ਼ਾਨਾ 250 ਤੋਂ ਵੱਧ ਰਾਊਂਡ ਲਾਉਂਦੇ ਹਨ।



ਇਨ੍ਹਾਂ ਦਾ ਰੌਲਾ ਅਤੇ ਇਨ੍ਹਾਂ ਤੋਂ ਨਿਕਲਣ ਵਾਲੇ ਕਾਰਬਨ ਨੇ ਪੂਰੀ ਘਾਟੀ ਲਈ ਨਵਾਂ ਸੰਕਟ ਖੜ੍ਹਾ ਕਰ ਦਿੱਤਾ ਹੈ। ਤੇਜ਼ੀ ਨਾਲ ਵੱਧ ਰਹੀ ਯਾਤਰੀਆਂ ਦੀ ਗਿਣਤੀ ਪਹਿਲਾਂ ਤੋਂ ਹੀ ਚਿੰਤਤ ਕਰਨ ਵਾਲੀ ਹੈ। ਇਸ ਤੋਂ ਇਲਾਵਾ ਹੈਲੀਕੌਪਟਰਾਂ ਦਾ ਰੌਲਾ ਅਤੇ ਇਨ੍ਹਾਂ ਦੀ ਵੱਧਦੀ ਗਿਣਤੀ ਕਿਸੇ ਵੱਡੇ ਸੰਕਟ ਦਾ ਰੂਪ ਨਾ ਲੈ ਲਵੇ, ਇਹ ਹੀ ਡਰ ਹੈ। ਕੇਦਾਰਨਾਥ ਯਾਤਰਾ 'ਚ ਪਹੁੰਚਣ ਵਾਲੇ ਲੋਕਾਂ ਲਈ ਨੌਂ ਕੰਪਨੀਆਂ ਕੰਮ ਕਰ ਰਹੀਆਂ ਹਨ। ਜਲਦੀ ਫ਼ੇਰੇ ਪੂਰੇ ਕਰਨ ਅਤੇ ਫ਼ਿਊਲ ਬਚਾਉਣ ਦੇ ਚੱਕਰ 'ਚ ਹੈਲੀਕੌਪਟਰ 250 ਮੀਟਰ ਦੀ ਉੱਚਾਈ ਤਕ ਉਡਦੇ ਹਨ। ਆਵਾਜ਼ ਵੀ ਦੁੱਗਣੀ ਹੁੰਦੀ ਹੈ। 2013 'ਚ ਅਸੀਂ ਕੁਦਰਤ ਦੀ ਤਾਕਤ ਨੂੰ ਨਾ ਸਮਝਣ ਦੀ ਭੁੱਲ ਕਰ ਚੁੱਕੇ ਹਾਂ। ਇਸ ਲਈ ਜ਼ਰੂਰੀ ਹੈ ਕਿ ਕੇਦਾਰਨਾਥ ਘਾਟੀ ਨੂੰ ਬਚਾਉਣ ਲਈ ਅਸੀਂ ਚੌਕਸ ਰਹੀਏ।

# ਬੌਰਿਸ ਜੌਨਸਨ ਅੱਠਵੀਂ ਵਾਰ ਬਣਨਗੇ ਪਿਤਾ, ਤੀਜੀ ਪਤਨੀ ਬਣਨ ਜਾ ਰਹੀ ਤੀਜੇ ਬੱਚੇ ਦੀ ਮਾਂ

ਲੰਡਨ: ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਬੌਰਿਸ ਜੌਨਸਨ ਦੀ ਪਤਨੀ ਕੈਰੀ ਜੌਨਸਨ ਨੇ ਐਲਾਨ ਕੀਤਾ ਹੈ ਕਿ ਉਹ ਆਪਣੇ ਤੀਜੇ ਬੱਚੇ ਨੂੰ ਜਨਮ ਦੇਣ ਵਾਲੀ ਹੈ। ਜੌਨਸਨ ਪਰਿਵਾਰ ਲਈ ਇਹ ਖ਼ੁਸ਼ੀ ਦਾ ਮੌਕਾ ਹੈ ਅਤੇ ਇਸ ਬੱਚੇ ਦੇ ਜਨਮ ਨਾਲ ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਅੱਠਵੀਂ ਵਾਰ ਪਿਤਾ ਬਣ ਜਾਣਗੇ। ਇਨਸਟਾਗ੍ਰੈਮ 'ਤੇ ਇਹ ਖ਼ੁਸ਼ਖ਼ਬਰੀ ਸਾਂਝੀ ਕਰਦਿਆਂ ਸ਼੍ਰੀਮਤੀ ਜੌਨਸਨ ਨੇ ਕਿਹਾ ਕਿ ਉਹ ਪਿਛਲੇ ਅੱਠ ਮਹੀਨਿਆਂ ਤੋਂ ਬਹੁਤ ਥੱਕੀ ਹੋਈ ਮਹਿਸੂਸ ਕਰ ਰਹੀ ਸੀ, ਪਰ ਹੁਣ ਇਸ ਬੱਚੇ ਨੂੰ ਮਿਲਣ ਲਈ ਕੁੱਝ ਹਫ਼ਤਿਆਂ ਦਾ ਇੰਤਜ਼ਾਰ ਨਹੀਂ ਕਰ ਪਾ ਰਹੀ।

ਸਿਡਨੀ: ਆਸਟ੍ਰੇਲੀਆ ’ਚ ਇਸ ਸਮੇਂ ਸਰਦੀਆਂ ਦਾ ਮੌਸਮ ਸ਼ੁਰੂ ਹੋ ਚੁੱਕਾ ਹੈ। ਇਸ ਵਾਰ ਸਰਦੀਆਂ ’ਚ ਆਸਟ੍ਰੇਲੀਆ ਕੋਵਿਡ-19 ਦੀ 5ਵੀਂ ਲਹਿਰ ਸਮੇਤ ਸਾਹ ਦੀਆਂ ਬੀਮਾਰੀਆਂ ਦੇ ਇੱਕ ਤੀਹਰੇ ਖ਼ਤਰੇ ’ਵਲ ਵੱਧ ਰਿਹਾ ਹੈ। ਇੱਕ ਸਿਹਤ ਮਾਹਿਰ ਨੇ ਉਕਤ ਚਿਤਾਵਨੀ ਦਿੱਤੀ। ਮਾਹਿਰ ਮੁਤਾਬਿਕ ਕੰਮ ਕਰਨ ਵਾਲੀਆਂ ਥਾਵਾਂ, ਸਕੂਲ ਅਤੇ ਘਰ ਕੋਰੋਨਾਵਾਇਰਸ ਦੇ ਕੇਸਾਂ ਦੇ ਨਾਲ-ਨਾਲ ਇਨਫ਼ਲੂਐਂਜ਼ਾ, ਰੈਸਪੀਰੇਟਰੀ ਸਿੰਸੀਟੀਅਲ ਵਾਇਰਸ ਅਤੇ ਹੋਰ ਬੀਮਾਰੀਆਂ ਦੇ ਪ੍ਰਭਾਵ ਨਾਲ ਪ੍ਰਭਾਵਿਤ ਹੋ ਸਕਦੇ ਹਨ। ਸਿਡਨੀ ਯੂਨੀਵਰਸਿਟੀ ਦੀ ਮਹਾਂਮਾਰੀ ਵਿਗਿਆਨੀ ਅਲੈਗਜ਼ੈਂਡਰਾ ਮਾਰਟੀਨੀਯੂਕ ਨੇ ਸਮਾਚਾਰ ਏਜੰਸੀ ਨਾਈਨ ਨਿਊਜ਼ ਨੂੰ ਦੱਸਿਆ ਕਿ ਕੋਵਿਡ-19 ਦੀ ਸੰਭਾਵਿਤ ਨਵੀਂ ਲਹਿਰ ਦੇ ਵੱਡੇ ਪੱਧਰ ’ਤੇ ਫ਼ੈਲਣ ਦੀ ਉਮੀਦ ਨਹੀਂ। ਉਧਰ 19 ਮਈ ਨੂੰ ਖ਼ਤਮ ਹੋਏ ਹਫ਼ਤੇ ਦੌਰਾਨ, ਦੇਸ਼ ਭਰ ’ਚ 38 ਹਜ਼ਾਰ 226 ਮਾਮਲੇ ਸਾਹਮਣੇ ਆਏ, ਔਸਤਨ 5,461 ਕੇਸ ਪ੍ਰਤੀ ਦਿਨ ਹਨ। ਲਗਭਗ ਹਰ ਰਾਜ ਅਤੇ ਪ੍ਰਦੇਸ਼ ਨੇ ਮਾਮਲਿਆਂ ’ਚ ਵਾਧੇ ਦਾ ਅਨੁਭਵ ਕੀਤਾ ਜਿਸ ’ਚ ਤਸਮਾਨੀਆ ’ਚ 44 ਪ੍ਰਤੀਸ਼ਤ ਵਾਧਾ ਵੀ ਸ਼ਾਮਿਲ ਹੈ।

ਮਾਰਟੀਨੀਓਕ ਨੇ ਕਿਹਾ ਕਿ ਫ਼ਲੂ ਦੇ ਕੇਸਾਂ ਅਤੇ ਹੋਰ ਬੀਮਾਰੀਆਂ ਦਾ ਕੰਮ ਦੇ ਸਥਾਨਾਂ ’ਤੇ ਪਹਿਲਾਂ ਹੀ ਪ੍ਰਭਾਵ ਪੈ ਰਿਹਾ ਹੈ, ਹਾਲ ਹੀ ਦੇ ਹਫ਼ਤਿਆਂ ’ਚ ਘੱਟ ਉਤਪਾਦਕਤਾ ਦਰਜ ਕੀਤੀ ਗਈ ਹੈ। ਲਗਭਗ ਹਰ ਉਦਯੋਗ ਅਤੇ ਕੰਮ ਵਾਲੀ ਥਾਂ ਪ੍ਰਭਾਵਿਤ ਹੋਈ ਹੈ। ਇਨ੍ਹਾਂ ’ਚ ਡਾਕ ਸੇਵਾਵਾਂ, ਵੰਡ ਕੇਂਦਰ, ਸਿਹਤ ਸੰਭਾਲ ਅਤੇ ਸਕੂਲ ਸ਼ਾਮਿਲ ਹਨ। ਛੂਤ ਦੀਆਂ ਬੀਮਾਰੀਆਂ ਦੇ ਮਾਹਿਰ ਕਲੇ ਗੋਲੇਜ ਨੇ 2 GB ਰੇਡੀਓ ਟੂਡੇ ਆਸਟ੍ਰੇਲੀਆ ਨੂੰ ਦੱਸਿਆ ਕਿ ਸਾਹ ਸਬੰਧੀ ਵਾਇਰਸਾਂ ’ਚ ਵਾਧਾ ਮੌਸਮੀ ਬੀਮਾਰੀਆਂ ਦੇ ਪੈਟਰਨ ’ਚ ਵਾਪਸੀ ਨੂੰ ਦਰਸਾਉਂਦਾ ਹੈ। ਆਸਟ੍ਰੇਲੀਆ ’ਚ ਕੋਰੋਨਾਵਾਇਰਸ ਮਹਾਂਮਾਰੀ ਦੇ ਸਿਖਰ ਦੌਰਾਨ ਮੁਕਾਬਲਤਨ ਘੱਟ ਸੰਖਿਆ ਤੋਂ ਬਾਅਦ 2022 ’ਚ ਫ਼ਲੂ ਦੇ ਢਾਈ ਲੱਖ ਕੇਸ ਦਰਜ ਕੀਤੇ ਗਏ।

# ਮੋਦੀ ਅਤੇ ਜ਼ਲੈਂਸਕੀ ਦੀ ਮੁਲਾਕਾਤ ਜਾਪਾਨੀ ਅਖ਼ਬਾਰਾਂ ’ਚ ਛਾਈ

ਟੋਕਿਓ: ਜਾਪਾਨ ’ਚ ਚੱਲ ਰਹੇ ਜੀ-7 ਸਿਖ਼ਰ ਸੰਮੇਲਨ ਨੂੰ ਯੂਕਰੇਨ ਲਈ ਬਹੁਤ ਮਹੱਤਵਪੂਰਣ ਮੰਨਿਆ ਜਾ ਰਿਹਾ ਹੈ। ਇਸ ਦੌਰਾਨ ਜਾਪਾਨ ਦੇ ਅਖ਼ਬਾਰ ’ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ਲੈਂਸਕੀ ਵਿੱਚਾਲੇ ਮੁਲਾਕਾਤ ਦੀ ਖ਼ਬਰ ਦਾ ਹੜ੍ਹ ਆ ਗਿਆ ਹੈ। ਦਰਅਸਲ, ਜਾਪਾਨੀ ਅਖ਼ਬਾਰਾਂ ਨੇ ਪਿਛਲੇ ਸਾਲ ਸ਼ੁਰੂ ਹੋਏ ਰੂਸ-ਯੂਕਰੇਨ ਯੁੱਧ ਤੋਂ ਵੱਧ ਯੂਕਰੇਨ ਦੇ ਰਾਸ਼ਟਰਪਤੀ ਜ਼ਲੈਂਸਕੀ ਦੀ ਹੀਰੋਸ਼ੀਮਾ ਯਾਤਰਾ ਨੂੰ ਕਵਰ ਕੀਤਾ ਹੈ।ਯੂਕਰੇਨ ਦੇ ਰਾਸ਼ਟਰਪਤੀ ਨੇ ਕਿਹਾ, “ਲੋਕਤੰਤਰ ਨੂੰ ਹੋਰ ਵੀ ਬਹੁਤ ਕੁੱਝ ਚਾਹੀਦਾ ਹੈ। ਮੈਨੂੰ ਲੱਗਦਾ ਹੈ ਕਿ ਸਾਨੂੰ ਲੋਕਤੰਤਰ ਦੀ ਇਕ ਸਪੱਸ਼ਟ ਗਲੋਬਲ ਲੀਡਰਸ਼ਿਪ ਦੀ ਲੋੜ ਹੈ। ਇਹ ਮੁੱਖ ਚੀਜ਼ਾਂ ’ਚੋਂ ਇੱਕ ਹੈ ਜੋ ਅਸੀਂ ਆਪਣਾ ਸਮਰਥਨ ਪੇਸ਼ ਕਰਦੇ ਹਾਂ।” ਇਸ ਤੋਂ ਪਹਿਲਾਂ ਜ਼ਲੈਂਸਕੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਯੂਕਰੇਨ ਦੇ ਸ਼ਾਂਤੀ ਫ਼ਾਰਮੂਲਾ ਪਹਿਲਕਦਮੀ ’ਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਅਤੇ ਦੇਸ਼ ਦੀ ਖੇਤਰੀ ਅਖੰਡਤਾ ਅਤੇ ਪ੍ਰਭੁਸੱਤਾ ਦਾ ਸਮਰਥਨ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ।ਟਵਿਟਰ ’ਤੇ ਜ਼ਲੈਂਸਕੀ ਨੇ ਕਿਹਾ, “ਜਾਪਾਨ ’ਚ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਹੋਈ। ਮੈਂ ਉਨ੍ਹਾਂ ਨੂੰ ਯੂਕਰੇਨੀ ਸ਼ਾਂਤੀ ਫ਼ਾਰਮੂਲੇ ਦੀ ਪਹਿਲਕਦਮੀ ਬਾਰੇ ਵਿਸਥਾਰ ’ਚ ਜਾਣਕਾਰੀ ਦਿੱਤੀ ਅਤੇ ਭਾਰਤ ਨੂੰ ਇਸ ਦੇ ਅਮਲ ’ਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਮੈਂ ਮਨੁੱਖਤਾਵਾਦੀ ਤਬਾਹੀ ਦੀ ਨਿੰਦਾ ਕੀਤੀ ਅਤੇ ਲੋੜਾਂ ਬਾਰੇ ਗੱਲ ਕੀਤੀ। ਮੈਂ ਸਾਡੇ ਦੇਸ਼ ਦੀ ਖੇਤਰੀ ਅਖੰਡਤਾ ਅਤੇ ਪ੍ਰਭੁਸੱਤਾ ਦਾ ਸਮਰਥਨ ਕਰਨ ਲਈ ਭਾਰਤ ਦਾ ਧੰਨਵਾਦ ਕਰਦਾ ਹਾਂ, ਖ਼ਾਸ ਤੌਰ ’ਤੇ ਅੰਤਰਰਾਸ਼ਟਰੀ ਸੰਗਠਨਾਂ ਦੇ ਮੰਚਾਂ ’ਤੇ ਅਤੇ ਯੂਕਰੇਨ ਨੂੰ ਮਾਨਵਤਾਵਾਦੀ ਸਹਾਇਤਾ ਪ੍ਰਦਾਨ ਕਰਨ ਲਈ।” ਮੀਟਿੰਗ ’ਚ ਮੋਦੀ ਨੇ ਭਰੋਸਾ ਦਿੱਤਾ ਕਿ ਯੂਕਰੇਨ ਸੰਘਰਸ਼ ਨੂੰ ਸੁਲਝਾਉਣ ਲਈ ਹਰ ਸੰਭਵ ਮਦਦ ਕਰੇਗਾ। ਮੋਦੀ ਨੇ ਕਿਹਾ, “ਭਾਰਤ ਅਤੇ ਮੈਂ ਟਕਰਾਅ ਨੂੰ ਸੁਲਝਾਉਣ ਲਈ ਜੋ ਵੀ ਕਰ ਸਕਦੇ ਹਾਂ ਉਹ ਕਰਾਂਗੇ।”





ਜ਼ਲੈਂਸਕੀ ਨੇ ਟਵਿਟਰ ’ਤੇ ਇੱਕ ਵੀਡੀਓ ਸਾਂਝਾ ਕੀਤਾ ਜਿੱਥੇ ਉਨ੍ਹਾਂ ਨੇ ਕਿਹਾ, “ਮੈਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਗੱਲ ਕੀਤੀ। ਮੈਂ ਉਨ੍ਹਾਂ ਨੂੰ ਆਪਣੇ ਸ਼ਾਂਤੀ ਫ਼ਾਰਮੂਲੇ ਦੀ ਪ੍ਰਗਤੀ ’ਤੇ ਇੱਕ ਫ਼ਾਰਮੂਲਾ ਦਿੱਤਾ। ਅਸੀਂ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਦੇ ਨੇਤਾਵਾਂ ਅਤੇ ਦੇਸ਼ਾਂ ਨੂੰ ਸ਼ਾਂਤੀ ਫ਼ਾਰਮੂਲੇ ਬਾਰੇ ਦੱਸਿਆ।” ਜ਼ਲੈਂਸਕੀ ਨੇ ਕਿਹਾ, “ਮੇਰਾ ਮੰਨਣਾ ਹੈ ਕਿ ਭਾਰਤ ਨਿਯਮਾਂ-ਆਧਾਰਤ ਅੰਤਰਰਾਸ਼ਟਰੀ ਵਿਵਸਥਾ ਨੂੰ ਬਹਾਲ ਕਰਨ ’ਚ ਹਿੱਸਾ ਲਵੇਗਾ ਜਿਸ ਦੀ ਸਪੱਸ਼ਟ ਤੌਰ ’ਤੇ ਸਾਰੇ ਆਜ਼ਾਦ ਦੇਸ਼ਾਂ ਨੂੰ ਲੋੜ ਹੈ।” ਜ਼ਿਕਰਯੋਗ ਹੈ ਕਿ ਪਿਛਲੇ ਸਾਲ 24 ਫ਼ਰਵਰੀ ਨੂੰ ਰੂਸ-ਯੂਕਰੇਨ ਯੁੱਧ ਸ਼ੁਰੂ ਹੋਣ ਤੋਂ ਬਾਅਦ ਦੋਵਾਂ ਨੇਤਾਵਾਂ ਵਿੱਚਾਲੇ ਇਹ ਪਹਿਲੀ ਨਿੱਜੀ ਮੁਲਾਕਾਤ ਸੀ। ਯੂਕਰੇਨ ਸੰਘਰਸ਼ ਦੀ ਸ਼ੁਰੂਆਤ ਤੋਂ ਬਾਅਦ ਮੋਦੀ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਅਤੇ ਰਾਸ਼ਟਰਪਤੀ ਜ਼ਲੈਂਸਕੀ ਨਾਲ ਕਈ ਵਾਰ ਫ਼ੋਨ ’ਤੇ ਹੀ ਗੱਲ ਕੀਤੀ ਹੈ।

# ਸੀਚੇਵਾਲ ਦੇ ਯਤਨਾਂ ਸਦਕਾ ਦੋ ਮਹੀਨਿਆਂ ਬਾਅਦ ਪਰਤੀ ਘਰ ਮਸਕਟ ’ਚ ਫ਼ਸੀ ਔਰਤ

ਸੁਲਤਾਨਪੁਰ ਲੋਧੀ: ਮਸਕਟ ’ਚੋਂ ਦੋ ਮਹੀਨਿਆਂ ਬਾਅਦ ਵਾਪਿਸ ਆਈ ਪਰਮਿੰਦਰ ਰਾਣੀ ਨੇ ਦੱਸਿਆ ਕਿ ਉੱਥੇ 35 ਦੇ ਕਰੀਬ ਹੋਰ ਪੰਜਾਬ ਦੀਆਂ ਕੁੜੀਆਂ ਵੀ ਫ਼ਸੀਆਂ ਹੋਈਆਂ ਹਨ। ਉੱਥੇ ਲੜਕੀਆਂ ਦੀ ਕੁਟਮਾਰ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਗ਼ਲਤ ਕੰਮ ’ਚ ਪਾਉਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਭਾਵੁਕ ਮਨ ਨਾਲ ਰੋਂਦੀ ਹੋਈ ਪਰਮਿੰਦਰ ਕੌਰ ਨੇ ਪਤੀ ਹਰਦੀਪ ਸਿੰਘ ਦੀ ਹਾਜ਼ਰੀ ਦੱਸਿਆ ਕਿ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਦੇ ਯਤਨਾਂ ਸਦਕਾ ਹੀ ਉਸ ਦੀ ਘਰ ਵਾਪਸੀ ਸੰਭਵ ਹੋ ਸਕੀ ਹੈ। ਉਸ ਨੇ ਦੱਸਿਆ ਕਿ ਉਹ 16 ਮਾਰਚ ਨੂੰ ਮਸਕਟ ਗਈ ਸੀ। ਉਸ ਦੇ ਮਾਮਾ-ਮਾਮੀ ਨੇ 70 ਹਜ਼ਾਰ ਰੁਪਏ ਲੈ ਕੇ ਟਰੈਵਲ ਏਜੰਟ ਰਾਹੀਂ ਉਸ ਨੂੰ ਮਸਕਟ ਭੇਜਿਆ ਸੀ। ਉੱਥੇ ਉਸ ਨੂੰ ਹਸਪਤਾਲ ’ਚ 30 ਹਜ਼ਾਰ ਰੁਪਏ ਪ੍ਰਤੀ ਮਹੀਨੇ ਦੀ ਨੌਕਰੀ ਲਗਵਾਉਣ ਦਾ ਝਾਂਸਾ ਦਿੱਤਾ ਗਿਆ ਸੀ, ਪਰ ਮਸਕਟ ਜਾ ਕੇ ਉਸ ਨੂੰ ਪਤਾ ਲੱਗਾ ਕਿ ਟਰੈਵਲ ਏਜੰਟਾਂ ਨੇ ਉਸ ਨੂੰ ਡੇਢ ਲੱਖ ’ਚ ਵੇਚ ਦਿੱਤਾ।

ਪਰਮਿੰਦਰ ਰਾਣੀ ਨੇ ਦੱਸਿਆ ਕਿ ਉਸ ਦਾ ਪਾਸਪੋਰਟ ਤੇ ਫ਼ੋਨ ਉਸ ਕੋਲੋਂ ਖੋਹ ਲਿਆ ਗਿਆ, ਅਤੇ ਉਸ ਨੂੰ ਇੱਕ ਕਮਰੇ ’ਚ ਬੰਦ ਕਰ ਕੇ ਰੱਖਿਆ ਜਾ ਰਿਹਾ ਸੀ ਜਿੱਥੇ ਉਸ ਨਾਲ ਕੁਟਮਾਰ ਵੀ ਕੀਤੀ ਜਾਂਦੀ ਸੀ ਅਤੇ ਖਾਣ ਲਈ ਵੀ ਕੁੱਝ ਨਹੀਂ ਸੀ ਦਿੱਤਾ ਜਾਂਦਾ। ਉਸ ਨੇ ਆਖਿਆ ਕਿ ਉਹ ਮਸਕਟ ਇਸ ਕਰ ਕੇ ਗਈ ਸੀ ਕਿ ਉਸ ਦੇ ਘਰ ਦੇ ਹਾਲਾਤ ਸੁਧਰ ਜਾਣਗੇ ਅਤੇ ਉਸ ਦੀ ਬੱਚੀ ਦਾ ਭਵਿੱਖ ਸੁਨਹਿਰੀ ਹੋ ਜਾਵੇਗਾ। ਉਸ ਨੇ ਦੱਸਿਆ ਕਿ ਉਹ ਕਪੂਰਥਲਾ ’ਚ ਕਿਰਾਏ ’ਤੇ ਰਹਿੰਦੀ ਹੈ ਅਤੇ ਉਸ ਦਾ ਪਤੀ ਗੱਡੀ ਚਲਾਉਂਦਾ ਹੈ, ਜਿਸ ਕਾਰਨ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਹੋ ਰਿਹਾ ਸੀ। ਇਸ ਮੌਕੇ ਰਾਜ ਸਭਾ ਮੈਂਬਰ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ 16 ਮਈ ਨੂੰ ਪਰਮਿੰਦਰ ਰਾਣੀ ਦੇ ਪਤੀ ਹਰਦੀਪ ਸਿੰਘ ਨੇ ਪਹੁੰਚ ਕੀਤੀ ਸੀ। ਉਸੇ ਹੀ ਦਿਨ ਉਨ੍ਹਾਂ ਵਲੋਂ ਵਿਦੇਸ਼ ਮੰਤਰਾਲੇ ਨੂੰ ਪਰਮਿੰਦਰ ਰਾਣੀ ਦੀ ਵਾਪਸੀ ਬਾਰੇ ਪੱਤਰ ਲਿਖਿਆ ਸੀ। ਉਨ੍ਹਾਂ ਵਿਦੇਸ਼ ਮੰਤਰਾਲੇ ਦਾ ਧੰਨਵਾਦ ਕੀਤਾ ਜਿਨ੍ਹਾਂ ਦੇ ਯਤਨਾਂ ਸਦਕਾ 20 ਮਈ ਨੂੰ ਪਰਮਿੰਦਰ ਰਾਣੀ ਆਪਣੇ ਪਰਿਵਾਰ ’ਚ ਆ ਸਕੀ।ਸੰਤ ਸੀਚੇਵਾਲ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਟਰੈਵਲ ਏਜੰਟਾਂ ’ਤੇ ਸਖ਼ਤ ਕਾਰਵਾਈ ਕਰੇ ਜਿਹੜੇ ਪੰਜਾਬ ਦੀਆਂ ਧੀਆਂ-ਭੈਣਾਂ ਨੂੰ ਸੁਨਹਿਰੀ ਸੁਪਨੇ ਦੇਖਾ ਕੇ ਉਨ੍ਹਾਂ ਦਾ ਸੋਸ਼ਣ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਤਕ ਟਰੈਵਲ ਏਜੰਟਾਂ ’ਤੇ ਸਖ਼ਤ ਕਾਰਵਾਈ ਨਹੀਂ ਕੀਤੀ ਜਾਂਦੀ ਓਦੋਂ ਤਕ ਅਜਿਹੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹਿਣਗੀਆਂ। ਸੰਤ ਸੀਚੇਵਾਲ ਨੇ ਦੱਸਿਆ ਕਿ ਜਿਹੜੀਆਂ ਕੁੜੀਆਂ ਵਾਪਿਸ ਆਈਆਂ ਹਨ, ਉਨ੍ਹਾਂ ’ਚ ਬਹੁਤੀਆਂ ਲੜਕੀਆਂ ਕੋਲੋਂ ਟਰੈਵਲ ਏਜੰਟਾਂ ਵਲੋਂ ਇੱਕ ਅਜਿਹੇ ਸਮਝੌਤੇ ’ਤੇ ਦਸਤਖ਼ਤ ਕਰਵਾਏ ਜਾਂਦੇ ਹਨ ਜਿਸ ਨਾਲ ਉਨ੍ਹਾਂ ਵਲੋਂ ਦੋ ਸਾਲ ਤਕ ਲੜਕੀਆਂ ਨੂੰ ਫ਼ਸਾ ਲਿਆ ਜਾਂਦਾ ਹੈ ਅਤੇ ਸ਼ਰਤਾਂ ਨਾ ਪੂਰੀਆਂ ਕਰਨ ਦੀ ਹਾਲਤ ’ਚ ਲੱਖਾਂ ’ਚ ਪੈਸਿਆਂ ਦੀ ਮੰਗ ਉਨ੍ਹਾਂ ਦੇ ਪਰਿਵਾਰ ਕੋਲੋਂ ਕੀਤੀ ਜਾਂਦੀ ਹੈ।



## 34 ਸਾਲਾਂ ’ਚ ਛੇ ਲੱਖ ਕਿਲੋਮੀਟਰ ਦੀ ਕੀਤੀ ਸਾਇਕਲ ਯਾਤਰਾ

ਬਰਨਾਲਾ: ਪਿਛਲੇ 34 ਸਾਲਾਂ ਤੋਂ ਬਠਿੰਡਾ ਨਿਵਾਸੀ ਰਾਜਿੰਦਰ ਗੁਪਤਾ ਸਾਇਕਲ ’ਤੇ ਵੱਖ-ਵੱਖ ਤੀਰਥ ਸਥਾਨਾਂ ਦੀ ਯਾਤਰਾ ਕਰਦੇ ਆ ਰਹੇ ਹਨ। ਉਹ 34 ਸਾਲਾਂ ’ਚ ਛੇ ਲੱਖ ਤੋਂ ਵੀ ਵੱਧ ਕਿਲੋਮੀਟਰ ਦੀ ਯਾਤਰਾ ਸਾਇਕਲ ’ਤੇ ਕਰ ਚੁੱਕੇ ਹਨ, ਪਰ ਉਨ੍ਹਾਂ ਦੀ ਸਹਾਇਤਾ ਕਰਨ ਲਈ ਨਾ ਤਾਂ ਸਰਕਾਰ ਹੀ ਅੱਗੇ ਆਈ ਹੈ ਨਾ ਹੀ ਹਿੰਦੂ ਜਥੇਬੰਦੀਆਂ, ਪਰ ਆਪਣੀ ਧੁੰਨ ਦੇ ਪੱਕੇ ਰਾਜਿੰਦਰ ਗੁਪਤਾ ਨੇ ਹਿੰਮਤ ਨਹੀਂ ਹਾਰੀ।



ਜ਼ਿਕਰਯੋਗ ਹੈ ਕਿ ਰਾਜਿੰਦਰ ਗੁਪਤਾ ਹੁਣ 18ਵੀਂ ਵਾਰ ਸਾਇਕਲ ’ਤੇ ਅਮਰਨਾਥ ਦੀ ਯਾਤਰਾ ਕਰਨ ਲਈ ਰਵਾਨਾ ਹੋ ਚੁੱਕੇ ਹਨ। ਇਸ ਤੋਂ ਪਹਿਲਾਂ ਉਹ 141 ਵਾਰ ਵੈਸ਼ਨੋ ਦੇਵੀ ਵੀ ਸਾਇਕਲ ’ਤੇ ਜਾ ਚੁੱਕੇ ਹਨ ਅਤੇ ਹੁਣ ਉਹ 142 ਵਾਰ ਮਾਤਾ ਵੈਸ਼ਣੋ ਦੇਵੀ ਦੇ ਦਰਬਾਰ ਦੇ ਵੀ ਦਰਸ਼ਨ ਕਰਨਗੇ। ਮਾਤਾ ਵੈਸ਼ਣੋ ਦੇਵੀ ਦੇ ਦਰਸ਼ਨ ਕਰਨ ਤੋਂ ਬਾਅਦ ਉਹ ਗਊਮੁਖ ਲਈ ਰਵਾਨਾ ਹੋ ਜਾਣਗੇ ਅਤੇ 15 ਜੁਲਾਈ ਨੂੰ ਗੰਗਾ ਜਲ ਲੈ ਕੇ ਬਠਿੰਡਾ ਪੁੱਜਣਗੇ।

# ਮਜੀਠੀਆ ਖਿਲਾਫ਼ ਦਰਜ ਕੇਸ ਦੀ ਜਾਂਚ ਕਰ ਰਹੀ ਸਿਟ ਦਾ ਮੁਖੀ ਬਦਲਿਆ

ਚੰਡੀਗੜ੍ਹ: ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਦਰਜ ਡਰੱਗ ਕੇਸ ਦੀ ਜਾਂਚ ਕਰ ਟੀਮ ਦੀ ਅਗਵਾਈ ਹੁਣ ਨਵੇਂ ਮੁਖੀ ਦੇ ਹਵਾਲੇ ਕਰ ਦਿੱਤੀ ਗਈ ਹੈ। ਪੰਜਾਬ ਸਰਕਾਰ ਨੇ ਡਰੱਗ ਮਾਮਲੇ ’ਚ ਜਾਂਚ ਕਰ ਰਹੀ ਟੀਮ ਦੇ ਮੁਖੀ ਨੂੰ ਬਦਲ ਦਿੱਤਾ ਹੈ ਜਦਕਿ ਬਾਕੀ ਟੀਮ ’ਚ ਕੋਈ ਵੀ ਬਦਲਾਅ ਨਹੀਂ ਕੀਤਾ ਗਿਆ ਹੈ। ਜਾਰੀ ਹੁਕਮਾਂ ਅਨੁਸਾਰ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ 20 ਦਸੰਬਰ 2021 ਨੂੰ ਪੁਲੀਸ ਸਟੇਸ਼ਨ ਸਟੇਟ ਕ੍ਰਾਈਮ ’ਚ ਕੇਸ ਦਰਜ ਕੀਤਾ ਗਿਆ ਸੀ। ਮਈ ਅਤੇ ਅਗਸਤ 2022 ਦੇ ਦਫ਼ਤਰ ਆਰਡਰ ਦੇ ਆਧਾਰ ’ਤੇ ਹੁਣ ਮਾਮਲੇ ਦੀ ਜਾਂਚ ਲਈ ਬਣਾਈ ਗਈ ਟੀਮ ਦੀ ਅਗਵਾਈ ਪਟਿਆਲਾ Œ#ਰੇਂਜ ਮੁਖਵਿੰਦਰ ਸਿੰਘ ਛੀਨਾ ਦੇ ਹਵਾਲੇ ਕੀਤੀ ਗਈ ਹੈ। ਪੰਜਾਬ 8Gw ਨੇ ਇਸ ਨੂੰ ਲੈ ਕੇ ਬਕਾਇਦਾ ਹੁਕਮ ਵੀ ਜਾਰੀ ਕਰ ਦਿੱਤੇ ਹਨ।



ਬਿਕਰਮ ਸਿੰਘ ਮਜੀਠੀਆ ’ਤੇ ਡਰੱਗ ਕੇਸ ’ਚ ਗੰਭੀਰ ਦੋਸ਼ ਲਗਾਏ ਗਏ ਹਨ। ਦੋਸ਼ ਹੈ ਕਿ ਕੈਨੇਡਾ ’ਚ ਰਹਿਣ ਵਾਲੇ ਡਰੱਗ ਅਤੇ ਸਕਰ ਸਤਪ੍ਰੀਤ ਸੱਤਾ ਮਜੀਠੀਆ ਦੀ ਅੰਮ੍ਰਿਤਸਰ ਅਤੇ ਚੰਡੀਗੜ੍ਹ ਸਥਿਤ ਸਰਕਾਰੀ ਕੋਠੀ ’ਚ ਹੀ ਠਹਿਰਦਾ ਸੀ। ਇੱਥੋਂ ਤਕ ਕਿ ਮਜੀਠੀਆ ਨੇ ਉਸ ਨੂੰ ਗੱਡੀ ਵੀ ਦਿੱਤੀ ਸੀ।

ਇਸ ਮਾਮਲੇ ’ਚ ਬਿਕਰਮ ਸਿੰਘ ਮਜੀਠੀਆ ਲੰਬਾ ਸਮਾਂ ਜੇਲ੍ਹ ਵੀ ਕੱਟ ਚੁੱਕੇ ਹਨ। 2022 ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮਾਮਲਾ ਦਰਜ ਹੋਣ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਹਾਈਕੋਰਟ ਤੋਂ ਜ਼ਮਾਨਤ ਦੀ ਅਰਜ਼ੀ ਖਾਰਜ ਹੋਣ ਤੋਂ ਬਾਅਦ ਸੁਪਰੀਮ ਕੋਰਟ ਤੋਂ ਉਨ੍ਹਾਂ ਨੂੰ ਚੋਣ ਲੜਨ ਦੌਰਾਨ ਜ਼ਮਾਨਤ ਮਿਲ ਗਈ ਸੀ। ਵੋਟਿੰਗ ਤੋਂ ਬਾਅਦ ਉਨ੍ਹਾਂ ਨੂੰ ਦੁਬਾਰਾ ਸਰੰਡਰ ਕਰਨਾ ਪਿਆ ਸੀ। ਇੰਨਾ ਹੀ ਨਹੀਂ, ਇਸ ਤੋਂ ਬਾਅਦ ਵੀ ਉਹ ਲਗਭਗ ਛੇ ਮਹੀਨੇ ਜੇਲ੍ਹ ’ਚ ਰਹੇ ਸਨ ਅਤੇ ਅਗਸਤ 2022 ’ਚ ਉਨ੍ਹਾਂ ਨੂੰ ਜ਼ਮਾਨਤ ਮਿਲੀ ਸੀ।

# ਇਮਰਾਨ ਦੇ ਸਾਬਕਾ ਮੰਤਰੀ ’ਤੇ ਟੂਟੀਆਂ ਚੋਰੀ ਕਰਨ ਦਾ ਵੀ ਦੋਸ਼



ਲਾਹੌਰ: ਭਾਰਤ ਦਾ ਗੁਆਂਢੀ ਪਾਕਿਸਤਾਨ ਅੱਜਕਲ੍ਹ ਭਾਰੀ ਅਸਥਿਰਤਾ ਦੇ ਦੌਰ ’ਚੋਂ ਲੰਘ ਰਿਹਾ ਹੈ। ਆਮ ਨਾਗਰਿਕਾਂ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਦੇਸ਼ ’ਚ ਫ਼ੈਲੇ ਸਿਆਸੀ ਸੰਕਟ ਕਾਰਨ ਪਾਕਿਸਤਾਨ ’ਚ ਤ੍ਰਾਹੀ-ਤ੍ਰਾਹੀ ਵਰਗਾ ਮਾਹੌਲ ਬਣਿਆ ਹੋਇਆ ਹੈ। ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਗ੍ਰਿਫ਼ਤਾਰੀ ਨੇ ਦੇਸ਼ ’ਚ ਦੰਗੇ ਵਰਗੀ ਸਥਿਤੀ ਪੈਦਾ ਕਰ ਦਿੱਤੀ ਹੈ।

ਇਸ ਸਭ ਦੇ ਵਿੱਚਕਾਰ ਪਾਕਿਸਤਾਨ ਦੇ ਸਾਬਕਾ ਕੇਂਦਰੀ ਮੰਤਰੀ ਅਤੇ ਇਮਰਾਨ ਖ਼ਾਨ ਦੇ ਖਾਸ ਫ਼ਵਾਦ ਚੌਧਰੀ ਦਾ ਨਾਂ ਟੌਇਲਟ ਟੂਟੀ ਚੋਰੀ ਦੇ ਮਾਮਲੇ ’ਚ ਆਇਆ ਹੈ। ਇਹ ਉਹੀ ਫ਼ਵਾਦ ਚੌਧਰੀ ਹੈ ਜੋ ਕੁੱਝ ਸਮਾਂ ਪਹਿਲਾਂ ਤਕ ਇਮਰਾਨ ਖ਼ਾਨ ਦੀ ਕੈਬਨਿਟ ’ਚ ਸੂਚਨਾ ਅਤੇ ਪ੍ਰਸਾਰਣ ਮੰਤਰੀ ਸੀ। ਲਾਹੌਰ ਹਾਈ ਕੋਰਟ ’ਚ ਫ਼ਵਾਦ ਚੌਧਰੀ ਖ਼ਿਲਾਫ਼ 11 ਮਾਮਲਿਆਂ ’ਚ ਸੁਣਵਾਈ ਹੋਣੀ ਹੈ।ਫ਼ਵਾਦ ਚੌਧਰੀ ਖ਼ਿਲਾਫ਼ 11 ਕੇਸਾਂ ’ਚੋਂ ਇੱਕ ਕੇਸ ਟੂਟੀ ਚੋਰੀ ਨਾਲ ਜੁੜਿਆ ਹੈ। ਇਹ ਮਾਮਲਾ ਓਦੋਂ ਸਾਹਮਣੇ ਆਇਆ ਜਦੋਂ ਲਾਹੌਰ ਹਾਈਕੋਰਟ ’ਚ ਦਾਇਰ ਪਟੀਸ਼ਨ ਦੀ ਪੜਚੋਲ ਕੀਤੀ ਗਈ। ਦਰਅਸਲ ਇਸ ਪਟੀਸ਼ਨ ’ਚ ਸਾਬਕਾ ਮੰਤਰੀ ਫ਼ਵਾਦ ਚੌਧਰੀ ਨੇ ਆਪਣੇ ਖ਼ਿਲਾਫ਼ ਦਰਜ ਮਾਮਲਿਆਂ ਦੀ ਜਾਣਕਾਰੀ ਮੰਗੀ ਸੀ। ਸੁਣਵਾਈ ਦੌਰਾਨ ਪੰਜਾਬ ਪੁਲੀਸ ਨੇ ਫ਼ਵਾਦ ਖ਼ਿਲਾਫ਼ ਦਰਜ ਸਾਰੇ ਮਾਮਲਿਆਂ ਦੀ ਰਿਪੋਰਟ ਪੇਸ਼ ਕੀਤੀ।ਮੁਜ਼ੱਫ਼ਰ ਹਨੀਫ਼ ਨੇ ਫ਼ਵਾਦ ਚੌਧਰੀ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਹੈ। ਇਹ ਮਾਮਲਾ ਇੱਕ ਸਕੂਲ ’ਚੋਂ ਪਾਈਪ ਅਤੇ ਟੂਟੀਆਂ ਚੋਰੀ ਹੋਣ ਦਾ ਹੈ। ਇਸ ਦੇ ਨਾਲ ਹੀ ♦“9 ਦੇ ਸੀਨੀਅਰ ਨੇਤਾ ਫ਼ਵਾਦ ’ਤੇ ਖੈਰਪੁਰ ਭੱਟਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਬਿਜਲੀ ਦੀਆਂ ਤਾਰਾਂ ਚੋਰੀ ਕਰਨ ਦੇ ਦੋਸ਼ ਵੀ ਹਨ। ਪਟੀਸ਼ਨ ’ਚ ਕਿਹਾ ਗਿਆ ਹੈ ਕਿ ਸਾਬਕਾ ਕੇਂਦਰੀ ਮੰਤਰੀ ਖ਼ਿਲਾਫ਼ ਲਾਹੌਰ ਦੇ ਸਰਵਰ ਰੋਡ ਅਤੇ ਰੇਸ ਕੋਰਸ ਥਾਣਿਆਂ ’ਚ ਦੋ ਕੇਸ ਦਰਜ ਹਨ ਜਦੋਂ ਕਿ ਮੁਲਤਾਨ ਛਾਉਣੀ ’ਚ ਤਿੰਨ ਅਤੇ ਜਲਾਲਪੁਰ ਪੀਰਵਾਲਾ ਮੁਲਤਾਨ ’ਚ ਇੱਕ ਕੇਸ ਦਰਜ ਹੈ।ਰਿਪੋਰਟ ਮੁਤਾਬਿਕ ਫ਼ਵਾਦ ਚੌਧਰੀ ਖ਼ਿਲਾਫ਼ ਅਟਕ, ਜੇਹਲਮ ਅਤੇ ਫ਼ੈਸਲਾਬਾਦ ਥਾਣਿਆਂ ’ਚ ਵੀ ਮਾਮਲੇ ਦਰਜ ਹਨ। ਚੌਧਰੀ ਦੇ ਵਕੀਲ ਨੇ ਸਿਆਸੀ ਆਧਾਰ ’ਤੇ ਬੇਬੁਨਿਆਦ ਕੇਸ ਦਰਜ ਕੀਤੇ ਜਾਣ ’ਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਅਦਾਲਤ ਨੂੰ ਉਨ੍ਹਾਂ ਸਾਰੇ ਮਾਮਲਿਆਂ ਦੀ ਜਾਣਕਾਰੀ ਲੈਣੀ ਚਾਹੀਦੀ ਹੈ, ਜਿਨ੍ਹਾਂ ’ਚ ਸਾਬਕਾ ਕੇਂਦਰੀ ਮੰਤਰੀ ਨੂੰ ਪਰੇਸ਼ਾਨ ਕੀਤਾ ਜਾ ਸਕਦਾ ਹੈ।

# ਕਾਰ ਦੀ ਹੁਡ ’ਤੇ ਬੈਠ ਕੇ ਰੀਲ ਬਣਾਉਣ ਵਾਲੀ ਲਾੜੀ ਨੂੰ ਜੁਰਮਾਨਾ



ਪ੍ਰਯਾਗਰਾਜ: ਅੱਜਕੱਲ੍ਹ ਦੇ ਤਕਨਾਲੋਜੀ ਭਰੇ ਯੁੱਗ ’ਚ ਸੋਸ਼ਲ ਮੀਡੀਆ ’ਤੇ ਰੀਲਜ਼ ਬਣਾਉਣ ਦਾ ਲੋਕਾਂ ’ਚ ਜ਼ਬਰਦਸਤ ਕਰੇਜ਼ ਵੇਖਿਆ ਜਾ ਰਿਹਾ ਹੈ। ਅਜਿਹਾ ਹੀ ਇੱਕ ਮਾਮਲਾ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ’ਚ ਸਾਹਮਣੇ ਆਇਆ ਹੈ ਜਿੱਥੇ ਇੱਕ ਲਾੜੀ ਨੂੰ ਕਾਰ ਦੀ ਹੁਡ ’ਤੇ ਬੈਠ ਕੇ ਰੀਲ ਬਣਾਉਣਾ ਮਹਿੰਗਾ ਪੈ ਗਿਆ। ਉਸ ਦਾ ਵੀਡੀਓ ਸੋਸ਼ਲ ਮੀਡੀਆ ’ਤੇ ਜੰਮ ਕੇ ਵਾਇਰਲ ਹੋ ਰਿਹਾ ਹੈ। ਵੀਡੀਓ ਸਾਹਮਣੇ ਆਉਣ ਮਗਰੋਂ ਟ੍ਰੈਫ਼ਿਕ ਪੁਲੀਸ ਨੇ 16 ਹਜ਼ਾਰ 500 ਰੁਪਏ ਦਾ ਚਲਾਨ ਕੱਟਿਆ ਹੈ।

ਇਹ ਘਟਨਾ ਪ੍ਰਯਾਗਰਾਜ ਤੋਂ ਸਾਹਮਣੇ ਆਈ ਜਿੱਥੇ ਇੱਕ ਲੜਕੀ ਲਾੜੀ ਦੇ ਲਿਬਾਸ ’ਚ ਚੱਲਦੀ ਕਾਰ ਦੀ ਹੁਡ ’ਤੇ ਬੈਠ ਕੇ ਰੀਲ ਬਣਾ ਰਹੀ ਸੀ। ਰੀਲ ਵਾਇਰਲ ਹੋਣ ’ਤੇ ਟ੍ਰੈਫ਼ਿਕ ਪੁਲੀਸ ਦੇ ਸਾਹਮਣੇ ਸਵਾਲ ਖੜ੍ਹੇ ਹੋਣ ਲੱਗੇ। ਪੁਲੀਸ ਵਲੋਂ ਚਲਾਨ ਦਾ ਨੋਟਿਸ ਜਾਰੀ ਕੀਤਾ ਗਿਆ। ਇਹ ਰੀਲ ਪ੍ਰਯਾਗਰਾਜ ਦੇ ਸਿਵਲ ਲਾਈਨਜ਼ ਇਲਾਕੇ ’ਚ ਬਣਾਇਆ ਗਿਆ ਹੈ।

ਵੀਡੀਓ ਵਾਇਰਲ ਹੋਣ ’ਤੇ ਪੁਲੀਸ ਥਾਣਾ ਮੁੱਖੀ ਅਮਿਤ ਸਿੰਘ ਦੇ ਧਿਆਨ ’ਚ ਇਹ ਘਟਨਾ ਆਈ। ਮਾਮਲੇ ਦੀ ਜਾਂਚ ’ਚ ਸਾਹਮਣੇ ਆਇਆ ਕਿ ਅੱਲਾਪੁਰ ਖੇਤਰ ਦੀ ਵਰਣਿਕਾ ਨਾਂ ਦੀ ਕੁੜੀ ਨੇ ਕੁੱਝ ਦਿਨ ਪਹਿਲਾਂ ਲਾੜੀ ਦੇ ਲਿਬਾਸ ’ਚ ਹੁਡ ’ਤੇ ਬੈਠ ਕੇ ਵੀਡੀਓ ਬਣਾਈ ਸੀ ਅਤੇ ਤਸਵੀਰਾਂ ਖਿੱਚੀਆਂ। ਟ੍ਰੈਫ਼ਿਕ ਪੁਲੀਸ ਨੇ ਦੱਸਿਆ ਕਿ ਵਾਇਰਲ ਵੀਡੀਓ ਦੇ ਆਧਾਰ ’ਤੇ ਕਾਰਵਾਈ ਕੀਤੀ ਹੈ।

# ਪਤੀਆਂ ’ਤੇ ਨਜ਼ਰ ਰੱਖਣ ਲਈ ਐਪ ਲਿਆਉਣ ਦੀ ਤਿਆਰੀ



ਮੈਡ੍ਰਿਡ: ਸਪੇਨ ਦੀ ਸਰਕਾਰ ਦੋ ਕਰੋੜ ਰੁਪਏ ਖ਼ਰਚ ਕੇ ਪਹਿਲੀ ਵਾਰ ਇੱਕ ਅਜਿਹਾ ਐਪ ਲੌਂਚ ਕਰਨ ਦੀ ਆਪਣੀ ਯੋਜਨਾ ਦਾ ਐਲਾਨ ਕੀਤਾ ਹੈ ਜਿਸ ਨਾਲ ਇਹ ਪਤਾ ਲਗਾਇਆ ਜਾ ਸਕੇਗਾ ਕਿ ਪਤੀ ਘਰੇਲੂ ਕੰਮ ਕਰ ਰਹੇ ਹਨ ਜਾਂ ਨਹੀਂ। ਇਸ ਐਪ ਨੂੰ ਲਿਆਉਣ ਦਾ ਮਕਸਦ ਘਰ ਦੇ ਕੰਮਾਂ ਨੂੰ ਮਰਦਾਂ ਅਤੇ ਔਰਤਾਂ ਵਿਚਕਾਰ ਵੰਡਣਾ ਹੈ। ਇਹ ਐਪ ਪਤਨੀਆਂ ਨੂੰ ਦੱਸੇਗੀ ਕਿ ਉਨ੍ਹਾਂ ਦੇ ਪਤੀ ਘਰ ਦੇ ਕੰਮਾਂ ’ਚ ਕਿੰਨਾ ਸਮਾਂ ਬਿਤਾ ਰਹੇ ਹਨ। ਐਪ ਇਹ ਵੀ ਪਤਾ ਲਗਾਵੇਗੀ ਕਿ ਘਰ ਦਾ ਹਰੇਕ ਮੈਂਬਰ ਕੰਮ ’ਤੇ ਕਿੰਨਾ ਸਮਾਂ ਬਿਤਾਉਂਦਾ ਹੈ ਹਾਲਾਂਕਿ ਇਹ ਐਪ ਕਿਵੇਂ ਕੰਮ ਕਰੇਗੀ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ। ਐਪ ਦੇ ਲੌਂਚ ਹੋਣ ਤੋਂ ਬਾਅਦ ਸਪੇਨ ਪੁਰਸ਼ਾਂ ਅਤੇ ਔਰਤਾਂ ਦੇ ਘਰੇਲੂ ਕੰਮ ’ਤੇ ਨਜ਼ਰ ਰੱਖਣ ਵਾਲਾ ਪਹਿਲਾ ਦੇਸ਼ ਹੋਵੇਗਾ।

ਸਪੇਨ ਦੀ ਲਿੰਗ ਸਮਾਨਤਾ ਅਤੇ ਘਰੇਲੂ ਹਿੰਸਾ ਬਾਰੇ ਮੰਤਰੀ ਐਂਜੇਲਾ ਰੋਡਰੀਗੇਜ਼ ਮੁਤਾਬਿਕ ਐਪ ਨੂੰ ਇਸ ਸਾਲ ਗਰਮੀਆਂ ’ਚ ਲੌਂਚ ਕਰਨ ਦੀ ਯੋਜਨਾ ਹੈ। ਇਹ ਐਪ ਘਰ ਨੂੰ ਵਧੀਆ ਤਰੀਕੇ ਨਾਲ ਚਲਾਉਣ ’ਚ ਮਦਦ ਕਰੇਗੀ। ਰੌਡਰਿਗੇਜ਼ ਮੁਤਾਬਿਕ ਅਸੀਂ ਔਰਤਾਂ ਪੁਰਸ਼ਾਂ ਨਾਲੋਂ ਘਰੇਲੂ ਕੰਮਾਂ ’ਤੇ ਜ਼ਿਆਦਾ ਸਮਾਂ ਬਿਤਾਉਂਦੀਆਂ ਹਾਂ। ਜ਼ਿਕਰਯੋਗ ਹੈ ਕਿ ਸਪੇਨ ’ਚ ਕਈ ਸਾਲਾਂ ਤੋਂ ਘਰੇਲੂ ਕੰਮ ’ਚ ਮਰਦਾਂ ਅਤੇ ਔਰਤਾਂ ਵਿਚਲੀ ਅਸਮਾਨਤਾ ਨੇ ਕਾਨੂੰਨੀ ਵਿਵਾਦ ਦਾ ਰੰਗ ਲੈ ਲਿਆ ਹੈ। ਜਨੇਵਾ ’ਚ ਇੱਕ ਸੰਮੇਲਨ ਨੂੰ ਸੰਬੋਧਨ ਕਰਦਿਆਂ ਰੋਡਰਿਗਜ਼ ਨੇ ਦੱਸਿਆ ਕਿ ਨੈਸ਼ਨਲ ਸਟੈਟਿਸਟਿਕਸ ਇੰਸਟੀਚਿਊਟ ਦੇ ਸਰਵੇਖਣ ’ਚ ਹਿੱਸਾ ਲੈਣ ਵਾਲੀਆਂ ਲਗਭਗ ਅੱਧੀਆਂ ਔਰਤਾਂ ਨੇ ਕਿਹਾ ਕਿ ਉਨ੍ਹਾਂ ਦੇ ਜ਼ਿਆਦਾਤਰ ਘਰੇਲੂ ਕੰਮ ਉਨ੍ਹਾਂ ਵਲੋਂ ਹੀ ਕੀਤੇ ਜਾਂਦੇ ਹਨ। ਉੱਥੇ ਹੀ 15 ਫ਼ੀਸਦੀ ਤੋਂ ਘੱਟ ਪੁਰਸ਼ਾਂ ਨੇ ਕਿਹਾ ਕਿ ਉਹ ਘਰ ਦੇ ਜ਼ਿਆਦਾਤਰ ਕੰਮ ਕਰਦੇ ਹਨ। ਦੇਸ਼ ’ਚ ਔਰਤਾਂ ਨੂੰ ਸ਼ਸਕਤ ਬਣਾਉਣ ਅਤੇ ਲਿੰਗ ਸਮਾਨਤਾ ਨੂੰ ਦੂਰ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

# ਕਰਤਾਰਪੁਰ ਲਾਂਘੇ ’ਤੇ 75 ਸਾਲਾਂ ਬਾਅਦ ਮਿਲੇ ਵਿੱਛੜੇ ਭੈਣ-ਭਰਾ

ਲਾਹੌਰ: ਭਾਰਤ-ਪਾਕਿਸਤਾਨ ਵੰਡ ਦੌਰਾਨ 75 ਸਾਲ ਪਹਿਲਾਂ ਵੱਖ ਹੋਇਆ ਇੱਕ ਭਰਾ ਅਤੇ ਉਸ ਦੀ ਭੈਣ ਇਤਿਹਾਸਕ ਕਰਤਾਰਪੁਰ ਲਾਂਘੇ ’ਤੇ ਮੁੜ ਮਿਲੇ ਹਨ। ਦੋਵਾਂ ਦੀ ਇਹ ਮੁਲਾਕਾਤ ਸੋਸ਼ਲ ਮੀਡੀਆ ਰਾਹੀਂ ਸੰਭਵ ਹੋਈ। ਇਹ ਜਾਣਕਾਰੀ ਮੀਡੀਆ ਨਿਊਜ਼ ਤੋਂ ਮਿਲੀ। ਡਾਅਨ ਅਖ਼ਬਾਰ ਦੀ ਰਿਪੋਰਟ ਅਨੁਸਾਰ ਭਾਰਤ ਦੀ 81 ਸਾਲਾ ਮਹਿੰਦਰ ਕੌਰ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਆਪਣੇ 78 ਸਾਲਾ ਭਰਾ ਸ਼ੇਖ਼ ਅਬਦੁਲ ਅਜ਼ੀਜ਼ ਨਾਲ ਕਰਤਾਰਪੁਰ ਲਾਂਘੇ ’ਤੇ ਦੁਬਾਰਾ ਮਿਲੀ ਜਦੋਂ ਉਸ ਨੂੰ ਸੋਸ਼ਲ ਮੀਡੀਆ ਪੋਸਟ ਰਾਹੀਂ ਪਤਾ ਲੱਗਾ ਕਿ ਉਹ ਭੈਣ-ਭਰਾ ਸਨ ਜੋ 1947 ’ਚ ਵੰਡ ਦੌਰਾਨ ਵਿੱਛੜੇ ਗਏ ਸਨ।

ਵੰਡ ਦੌਰਾਨ ਪੰਜਾਬ ਦੇ ਭਾਰਤੀ ਹਿੱਸੇ ਤੋਂ ਸਰਦਾਰ ਭਜਨ ਸਿੰਘ ਦਾ ਪਰਿਵਾਰ ਦੁਖਦਾਈ ਤੌਰ ’ਤੇ ਵੱਖ ਹੋ ਗਿਆ ਸੀ ਜਦੋਂ ਅਜ਼ੀਜ਼ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਚਲੇ ਗਏ ਸਨ, ਜਦੋਂ ਕਿ ਉਸਦੇ ਪਰਿਵਾਰ ਦੇ ਹੋਰ ਮੈਂਬਰ ਭਾਰਤ ’ਚ ਹੀ ਰਹਿ ਗਏ ਸਨ। ਉਸ ਦਾ ਵਿਆਹ ਛੋਟੀ ਉਮਰ ’ਚ ਹੀ ਹੋ ਗਿਆ ਸੀ, ਪਰ ਉਹ ਹਮੇਸ਼ਾ ਆਪਣੇ ਮਾਤਾ-ਪਿਤਾ ਅਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਦੁਬਾਰਾ ਮਿਲਣ ਦੀ ਇੱਛਾ ਰੱਖਦਾ ਸੀ। ਵੰਡ ਦੇ ਸਮੇਂ ਇੱਕ ਵਿਅਕਤੀ ਅਤੇ ਉਸ ਦੀ ਭੈਣ ਦੇ ਵਿਛੋੜੇ ਦਾ ਵੇਰਵਾ ਦੇਣ ਵਾਲੀ ਇੱਕ ਸੋਸ਼ਲ ਮੀਡੀਆ ਪੋਸਟ ਦੁਆਰਾ, ਦੋਵਾਂ ਪਰਿਵਾਰਾਂ ਨੂੰ ਪਤਾ ਲੱਗਾ ਕਿ ਮਹਿੰਦਰ ਅਤੇ ਅਜ਼ੀਜ਼ ਅਸਲ ’ਚ ਵਿੱਛੜੇ ਹੋਏ ਭੈਣ-ਭਰਾ ਸਨ।

ਐਤਵਾਰ ਨੂੰ ਖ਼ੁਸ਼ੀ ਨਾਲ ਭਰੀ ਹੋਈ ਮਹਿੰਦਰ ਕੌਰ ਨੇ ਬਾਰ-ਬਾਰ ਆਪਣੇ ਭਰਾ ਨੂੰ ਜੱਫ਼ੀ ਪਾਈ ਅਤੇ ਉਸ ਦੇ ਹੱਥ ਚੁੰਮੇ ਅਤੇ ਦੋਵੇਂ ਪਰਿਵਾਰਾਂ ਨੇ ਕਰਤਾਰਪੁਰ ਸਾਹਿਬ ਦੇ ਗੁਰਦੁਆਰਾ ਦਰਬਾਰ ਸਾਹਿਬ ਵਿਖੇ ਇਕੱਠੇ ਮੱਥਾ ਟੇਕਿਆ। ਉਨ੍ਹਾਂ ਨੇ ਆਪਣੇ ਪੁਨਰ-ਮਿਲਨ ਦੇ ਪ੍ਰਤੀਕ ਵਜੋਂ ਤੋਹਫ਼ਿਆਂ ਦਾ



ਆਦਾਨ-ਪ੍ਰਦਾਨ ਵੀ ਕੀਤਾ। ਸੁਖਾਵੇਂ ਮਿਲਾਪ ਤੋਂ ਬਾਅਦ ਕਰਤਾਰਪੁਰ ਸਾਹਿਬ ਪ੍ਰਸ਼ਾਸਨ ਨੇ ਦੋਵਾਂ ਪਰਿਵਾਰਾਂ ਨੂੰ ਹਾਰ ਪਹਿਨਾਏ ਅਤੇ ਮਠਿਆਈਆਂ ਵੰਡੀਆਂ। ਕਰਤਾਰਪੁਰ ਸਾਹਿਬ ਕੌਰੀਡੋਰ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਗੁਰਦੁਆਰਾ ਦਰਬਾਰ ਸਾਹਿਬ ਨੂੰ ਭਾਰਤ ਦੇ ਪੰਜਾਬ ਸੂਬੇ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਗੁਰਦੁਆਰਾ ਨਾਲ ਜੋੜਦਾ ਹੈ। ਚਾਰ ਕਿਲੋਮੀਟਰ ਲੰਬਾ ਕੌਰੀਡੋਰ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਵੀਜ਼ਾ-ਮੁਕਤ ਪਹੁੰਚ ਪ੍ਰਦਾਨ ਕਰਦਾ ਹੈ।

# ਜਲਦੀ ਤਿਆਰ ਹੋਵੇਗਾ ਮੂਸੇਵਾਲਾ ਦਾ ਹੋਲੋਗ੍ਰਾਮ - ਚਰਨ ਕੌਰ

ਮਾਨਸਾ: ਮਰਹੂਮ ਪੰਜਾਬੀ ਗਾਇੱਕ ਸਿੱਧੂ ਮੂਸੇਵਾਲਾ ਦੇ ਮਾਤਾ ਚਰਨ ਕੌਰ ਨੇ ਕਿਹਾ ਕਿ ਉਹ ਆਪਣੇ ਪੁੱਤ ਦੇ 29 ਮਈ ਦੇ ਬਰਸੀ ਸਮਾਗਮ ਲਈ ਕੁੱਝ ਵੱਖਰਾ ਕਰਨ ਦਾ ਯਤਨ ਕਰਨਗੇ। ਉਨ੍ਹਾਂ ਦੱਸਿਆ ਕਿ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਦੀ ਯਾਦ ਨੂੰ ਸਮਰਪਿਤ ਰੱਖੇ ਬਰਸੀ ਸਮਾਗਮਾਂ ’ਚ ਸ਼ਾਮਿਲ ਹੋਣ ਲਈ ਵਿਦੇਸ਼ ਗਏ ਹੋਏ ਹਨ ਅਤੇ ਮੂਸੇਵਾਲਾ ਦੇ ਹੋਲੋਗ੍ਰਾਮ ਪ੍ਰੋਗਰਾਮ ਵੀ ਜਲਦ ਰਿਲੀਜ਼ ਹੋਣਗੇ। ਉਨ੍ਹਾਂ ਪਿੰਡ ਮੂਸਾ ’ਚ ਪੰਜਾਬੀ ਗਾਇਕ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕੀਤਾ। ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਆਪਣੀ ਤਕਰੀਰ ਦੌਰਾਨ ਸੋਸ਼ਲ ਮੀਡੀਆ ’ਤੇ ਸਿੱਧੂ ਮੂਸੇਵਾਲਾ ਦੇ ਖ਼ਿਲਾਫ਼ ਬੋਲਣ ਵਾਲੇ ਲੋਕਾਂ ਨੂੰ ਨਸੀਹਤ ਵੀ ਦਿੱਤੀ। ਉਨ੍ਹਾਂ ਕਿਹਾ ਕਿ ਪਰਿਵਾਰ ਨੂੰ ਪੰਜਾਬ ਸਰਕਾਰ ਤੋਂ ਇਨਸਾਫ਼ ਦੀ ਕੋਈ ਉਮੀਦ ਨਹੀਂ।

# ਹੋਸਟਲ 'ਚ ਬਿਤਾਏ ਦਿਨ



ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 9888940211

1992 ਵਿੱਚ ਘਰੋਂ ਬਹੁਤ ਦੂਰ ਪੜ੍ਹਨ ਜਾਣ ਕਰ ਕੇ ਹੋਸਟਲ ਵਿੱਚ ਰਹਿਣ ਦਾ ਮੌਕਾ ਮਿਲਿਆ।ਉਸ ਸਮੇਂ ਪੰਜਾਬ ਵਿੱਚ ਇੰਜੀਨੀਅਰਿੰਗ ਤੇ ਬਹੁਤਕਨੀਕੀ ਕਾਲਜਾਂ ਦੀ ਗਿਣਤੀ ਬਹੁਤ ਘੱਟ ਸੀ। ਇਸ ਕਰ ਕੇ ਬਹੁਗਿਣਤੀ ਪੰਜਾਬੀ ਤਕਨੀਕੀ ਪੜ੍ਹਾਈ ਕਰਨ ਲਈ ਦੂਜੇ ਸੂਬਿਆਂ ਵਿੱਚ ਚਲੇ ਜਾਂਦੇ ਸਨ ਜਿਨ੍ਹਾਂ ਵਿੱਚੋਂ ਕਰਨਾਟਕਾ ਸੂਬੇ ਦਾ ਬਿਦਰ ਸ਼ਹਿਰ ਵੀ ਇੱਕ ਸੀ।

ਹੋਸਟਲ ਵਿੱਚ ਰਹਿ ਕੇ ਪੜ੍ਹਨਾ ਹਰ ਕਿਸੇ ਦੇ ਹਿੱਸੇ ਨਹੀਂ ਆਉਂਦਾ।ਇੱਕ ਵਿਦਿਆਰਥੀ ਦਾ ਹੋਸਟਲ ਵਿੱਚ ਰਹਿ ਕੇ ਪੜ੍ਹਨਾ ਉਸ ਨੂੰ ਆਤਮ-ਨਿਰਭਰ ਬਣਾਉਣ ਵਿੱਚ ਬਹੁਤ ਸਹਾਈ ਹੁੰਦਾ ਹੈ।ਉਸ ਵਕਤ ਰੈਗਿੰਗ ਰੋਕਣ ਲਈ ਇੰਨੀ ਸਖ਼ਤੀ ਨਹੀਂ ਸੀ ਪਰ ਕਾਲਜ ਦੇ ਪ੍ਰਿੰਸੀਪਲ ਰਿਟਾ. ਫਲਾਇੰਗ ਲੈਫਟੀਲੈਂਟ ਦਾ ਕਾਲਜ ਵਿੱਚ ਪੂਰਾ ਦਬਦਬਾ ਸੀ।ਸਾਰੇ ਵਿਦਿਆਰਥੀ ਉਨ੍ਹਾਂ ਤੋਂ ਬਹੁਤ ਡਰਦੇ ਸੀ ਪਰ ਫਿਰ ਵੀ ਰੈਗਿੰਗ ਨੂੰ ਜਾਣ-ਪਹਿਚਾਣ ਦਾ ਨਾਂ ਦੇ ਕੇ ਸੀਨੀਅਰ ਵਿਦਿਆਰਥੀ ਨਵੇਂ ਵਿਦਿਆਰਥੀਆਂ ਨੂੰ ਤੰਗ ਪ੍ਰੇਸ਼ਾਨ ਕਰਦੇ ਰਹਿੰਦੇ ਸੀ।ਮੈਨੂੰ ਯਾਦ ਹੈ ਰੈਗਿੰਗ ਨੁਮਾ ਜਾਣ-ਪਹਿਚਾਣ ਤੋਂ ਅੱਕੇ ਹੋਇਆਂ ਨੇ ਅਸੀਂ ਟੁਆਇਲਟ ਗਏ ਹੋਏ ਸੀਨੀਅਰ ਮੁੰਡਿਆਂ ਨੂੰ ਬਾਹਰੋਂ ਕੁੰਡੀਆਂ ਲਾ ਕੇ ਉੱਪਰੋਂ ਪਾਣੀ ਦੀਆਂ ਭਰੀਆਂ ਬਾਲਟੀਆਂ ਸੁੱਟ ਕੇ ਉਨ੍ਹਾਂ ਨੂੰ ਭਿਉਂ ਦਿੱਤਾ ਸੀ ਤੇ ਉਨ੍ਹਾਂ ਨੂੰ ਪਤਾ ਵੀ ਨਹੀਂ ਸੀ ਲੱਗਿਆ ਕਿ ਪਾਣੀ ਕੀਹਨੇ ਸੁੱਟਿਆ ਹੈ।ਕਦੇ ਰਾਤ ਵੇਲੇ ਹੋਸਟਲ ਵਾਰਡਨ ਦੇ ਆਪਣੇ ਕਮਰੇ ਵਿੱਚ ਬੈਠਿਆਂ ਪਿਛਲੇ ਪਾਸੇ ਬਾਰੀ ਵਿੱਚੋਂ ਦੀ ਪਾਣੀ ਭਰੀ ਬਾਲਟੀ ਵਾਰਡਨ ਉੱਤੇ ਸੁੱਟ ਕੇ ਅੰਦਰ ਆ ਕੇ ਆਪ ਹੀ ਪੁੱਛਣਾ ਕਿ ਸਰ, ਆਹ ਤੁਹਾਡੇ 'ਤੇ ਪਾਣੀ ਕੀਹਨੇ ਸੁੱਟਿਆ ਹੈ, ਸਾਰੇ ਰਜਿਸਟਰ ਵੀ ਗਿੱਲੇ ਹੋ ਗਏ ਆਦਿ। ਓਦੋਂ ਮਨੋਰੰਜਨ ਦੇ ਸਾਧਨ ਵੀ ਸੀਮਤ ਜਿਹੇ ਹੀ ਸਨ ਜਿਵੇਂ ਕਿ ਸਿਨੇਮਾ, ਟੈਲੀਵਿਜ਼ਨ ਜਾਂ ਗੀਤ ਸੁਣਨ ਲਈ ਡੈੱਕ ਬਗੈਰਾ ਹੀ ਹੁੰਦੇ ਸਨ।ਉਸ ਸਮੇਂ ਮੋਬਾਈਲ ਜਾਂ ਇੰਟਰਨੈੱਟ ਦਾ ਕਿਸੇ ਨੇ ਨਾਂ ਵੀ ਨਹੀਂ ਸੀ ਸੁਣਿਆ। ਸਾਡੇ ਕਾਲਜ ਦੇ ਹੋਸਟਲ ਦੇ ਨਾਲ਼ ਹੀ ਗੁਰਦੁਆਰਾ ਸਾਹਿਬ ਦੀ ਲਾਇਬਰੇਰੀ ਬਣੀ ਹੋਈ ਸੀ। ਚੰਗੀ ਤਰਾਂ ਯਾਦ ਹੈ ਕਿ ਉਦੋਂ ਅਖ਼ਬਾਰਾਂ ਰੇਲਗੱਡੀ ਰਾਹੀਂ ਆਉਂਦੀਆਂ ਸਨ ਤੇ ਅੱਜ ਦੀ ਅਖ਼ਬਾਰ ਉੱਥੇ ਤੀਜੇ ਦਿਨ ਪਹੁੰਚਦੀ ਸੀ। ਤਿੰਨ ਦਿਨ ਪੁਰਾਣੀ ਅਖ਼ਬਾਰ ਪੜ੍ਹ ਕੇ ਹੀ ਪੰਜਾਬ ਦੀਆਂ ਖ਼ਬਰਾਂ ਦਾ ਪਤਾ ਲੱਗਦਾ ਸੀ।

ਗੀਤ-ਸੰਗੀਤ ਸੁਣਨ ਦੇ ਚਾਹਵਾਨ ਵਿਦਿਆਰਥੀਆਂ ਨੇ ਆਪਣੇ ਹੋਸਟਲ ਦੇ ਕਮਰਿਆਂ ਵਿੱਚ ਘੜਿਆਂ ਉੱਤੇ ਸਪੀਕਰ ਰੱਖੇ ਹੁੰਦੇ ਸੀ ਜਿਹੜੀ ਕਿ ਵਾਕ-ਮੈਨ ਨਾਲ ਐਂਮਪਲੀਫ਼ਾਇਰ ਰਾਹੀਂ ਕਨੈੱਕਟ ਕੀਤੇ ਹੁੰਦੇ ਸੀ। ਵਾਕ-ਮੈਨ ਕਿਉਂਕਿ ਸਾਈਜ਼ ਵਿੱਚ ਬਹੁਤ ਛੋਟਾ ਹੁੰਦਾ ਸੀ ਇਸ ਲਈ ਇਸ ਦੀ ਜ਼ਰੂਰਤ ਪੰਜਾਬ ਆਉਂਦੇ-ਜਾਂਦੇ ਰੇਲਗੱਡੀ ਵਿੱਚ ਵੀ ਗਾਣੇ ਸੁਣਨ ਲਈ ਹੁੰਦੀ ਸੀ।ਉਸ ਸਮੇਂ ਉਦਾਸ ਗੀਤਾਂ ਦਾ ਜ਼ਿਆਦਾ ਬੋਲਬਾਲਾ ਸੀ ਇਸ ਲਈ ਛੁੱਟੀ ਵਾਲੇ ਦਿਨ ਖ਼ਾਸ ਕਰ ਕੇ ਐਤਵਾਰ ਨੂੰ ਦਵਿੰਦਰ ਕੋਹੇਨੂਰ, ਰਣਜੀਤ ਮਣੀ ਆਦਿ ਦੇ ਗੀਤ ਸਾਰਾ ਸਾਰਾ ਦਿਨ ਚੱਲਦੇ ਰਹਿੰਦੇ ਸਨ। ਕਿਸੇ ਐਤਵਾਰ ਨੂੰ ਪ੍ਰਿੰਸੀਪਲ ਸਰ ਅਚਾਨਕ ਹੋਸਟਲ ਵਿੱਚ ਛਾਪਾ ਮਾਰਦੇ ਤੇ ਜਿਸ ਕਮਰੇ ਵਿੱਚ ਉੱਚੀ-ਉੱਚੀ ਗਾਣੇ ਵੱਜਦੇ ਸੀ ਉਹ ਸਾਰਾ ਸਟੀਰੀਓ ਸਿਸਟਮ ਚੁੱਕ ਕੇ ਆਪਣੇ ਨਾਲ ਲੈ ਜਾਂਦੇ ਸਨ। ਛੁੱਟੀਆਂ ਵਿੱਚ ਪੰਜਾਬ ਹੁੰਦਿਆਂ ਬਾਕੀ ਸਾਮਾਨ ਦੇ ਨਾਲ ਅਗਲੇ ਛੇ ਮਹੀਨੇ ਸੁਣਨ ਵਾਲੇ ਗੀਤਾਂ ਦੀਆਂ ਨਵੀਆਂ ਕੈਸਟਾਂ (ਰੀਲਾਂ) ਨਾਲ ਲਿਜਾਣਾ ਕਦੇ ਵੀ ਨਹੀਂ ਭੁੱਲਦੇ ਸੀ ਕਿਉਂਕਿ ਬਿਦਰ ਵਿਖੇ ਪੰਜਾਬੀ ਗੀਤਾਂ ਦੀਆਂ ਰੀਲਾਂ ਬਹੁਤ ਘੱਟ ਹੀ ਮਿਲਦੀਆਂ ਸੀ।ਉਹ ਰੀਲਾਂ ਵੀ ਟਰੰਕਾਂ ਵਿੱਚ ਲੁਕੋ-ਲੁਕੋ ਰੱਖਣੀਆਂ ਪਰ ਫਿਰ ਵੀ ਕੋਈ ਮੁੰਡਾ ਕੈਸਟ ਮੰਗ ਕੇ ਲੈ ਜਾਂਦਾ ਤਾਂ ਉਹ ਵਾਪਸ ਮੋੜਨ ਦਾ ਨਾਂ ਨਹੀਂ ਲੈਂਦਾ ਸੀ।



ਐਤਵਾਰ ਵਾਲੇ ਦਿਨ ਜ਼ਿਆਦਾ ਮੁੰਡੇ ਹੋਸਟਲ ਦੀ ਸਿਖਰਲੀ ਮੰਜ਼ਿਲ 'ਤੇ ਪਾਣੀ ਵਾਲੀ ਵੱਡੀ ਟੈਂਕੀ ਦੇ ਉੱਪਰ ਚੜ੍ਹ ਕੇ ਹੀ ਕੱਪੜੇ ਧੋਂਦੇ ਹੁੰਦੇ ਸਨ।ਪਹਿਲਾਂ ਤਾਂ ਆਪਣੇ ਕਮਰੇ ਵਿੱਚ ਹੀ ਬਾਲਟੀ ਵਿੱਚ ਪਾਣੀ ਭਰ ਕੇ ਤੇ ਉਸ ਵਿੱਚ ਸਰਫ਼ ਮਿਲਾ ਕੇ ਬੈੱਡ ਥੱਲੇ ਰੱਖੀ ਰੱਖਣੀ ਅਤੇ ਹਰ ਰੋਜ਼ ਉਸ ਵਿੱਚ ਕੱਪੜੇ ਸੁੱਟਦੇ ਰਹਿਣਾ। ਕਈ ਬਾਰੀ ਦਸ-ਦਸ ਦਿਨ ਲੰਘ ਜਾਂਦੇ ਸੀ ਤੇ ਜਦੋਂ ਅਗਲੇ ਦਿਨ ਪਾਉਣ ਨੂੰ ਕੋਈ ਕੱਪੜਾ ਨਾ ਬਚਣਾ ਤਾਂ ਹੀ ਉਹ ਕੱਪੜੇ ਧੋ ਕੇ ਸੁੱਕਣੇ ਪਾਉਣੇ।

ਸਾਡਾ ਹੋਸਟਲ ਬਿਦਰ ਦੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਬਿਲਕੁਲ ਨਾਲ ਹੀ ਸੀ।ਜਦੋਂ ਵੀ ਦੇਰ-ਸਵੇਰ ਪੰਜਾਬ ਦੀ ਸੰਗਤ ਦਾ ਟਰੱਕ ਗੁਰਦੁਵਾਰਾ ਸਾਹਿਬ ਆਉਣਾ ਤਾਂ ਨਾਲ ਹੀ ਸੰਗਤ ਦੀ ਸੇਵਾ ਕਰਨ ਲਈ ਲੰਗਰ ਹਾਲ ਵਿੱਚ ਪਹੁੰਚ ਜਾਂਦੇ ਸੀ।ਦੇਰ ਰਾਤ ਤੱਕ ਪੜ੍ਹਦਿਆਂ ਜਦੋਂ ਭੁੱਖ ਲੱਗਣੀ ਤਾਂ ਫੇਰ ਰਾਤ ਨੂੰ ਲੰਗਰ ਆਪ ਹੀ ਥਾਲ਼ੀਆਂ ਵਿੱਚ ਪਾ ਕੇ ਛਕਣਾ।ਕਦੇ ਅੱਧੀ ਰਾਤ ਨੂੰ ਚਾਹ ਪੀਣ ਲਈ ਪੈਦਲ ਰੇਲਵੇ ਸਟੇਸ਼ਨ ਜਾਂਦੇ ਹੁੰਦੇ ਸੀ।ਛੁੱਟੀਆਂ ਤੋਂ ਬਾਅਦ ਕਾਲਜ ਖੁੱਲਣ 'ਤੇ ਜਦੋਂ ਹੋਸਟਲ ਪਹੁੰਚਣਾ ਤਾਂ ਪਹਿਲਾਂ ਪਹੁੰਚੇ ਮੁੰਡਿਆਂ ਨੇ ਬੈਗ ਫਰੋਲ ਕੇ ਪੰਜੀਰੀ ਜਾਂ ਪਿੰਨੀਆਂ ਦਾ ਤਾਂ ਨਾਲ ਦੀ ਨਾਲ ਹੀ ਭੋਗ ਪਾ ਦੇਣਾ ਅਤੇ ਬਾਕੀ ਅਚਾਰ ਜਾਂ ਦੇਸੀ ਘਿਉ ਹੁੰਦਾ ਤਾਂ ਉਹ ਵੀ ਪਤਾ ਲੱਗ ਜਾਂਦਾ ਸੀ ਬਈ ਹੁਣ ਮੈੱਸ ਵਿੱਚ ਜਾਣ ਸਮੇਂ ਅਚਾਰ ਤੇ ਘਿਉ ਨਾਲ ਲਿਜਾਣਾ ਨਾ ਭੁੱਲਦੇ।ਅਕਸਰ ਰਾਤ ਨੂੰ ਭੁੱਖ ਲੱਗਣ 'ਤੇ ਕਮਰੇ ਵਿੱਚ ਚੋਰੀ ਰੱਖੇ ਹੀਟਰ 'ਤੇ ਦੇਸੀ ਘਿਉ ਦਾ ਕੜਾਹ ਬਣਾ ਕੇ ਖਾਣਾ।ਬੇਸ਼ੱਕ ਕਮਰਿਆਂ ਦੇ ਦਰਵਾਜ਼ੇ ਬੰਦ ਕਰ ਲੈਂਦੇ ਸੀ ਪਰ ਕੜਾਹ ਬਣਦਿਆਂ ਹੀ ਨਾਲ ਦੇ ਕਮਰਿਆਂ ਵਿੱਚ ਫੈਲੀ ਖ਼ੁਸ਼ਬੂ ਕਰ ਕੇ ਦੂਜੇ ਮੁੰਡਿਆਂ ਨੇ ਝੱਟ ਆ ਜਾਣਾ ਤੇ ਸਾਰਾ ਕੜਾਹ ਚਮਚਾ-ਚਮਚਾ ਹੀ ਹਿੱਸੇ ਆਉਂਦਾ ਸੀ।

ਬਿਦਰ ਤੋਂ ਪੰਜਾਬ ਆਉਂਦਿਆਂ ਆਗਰਾ ਸਟੇਸ਼ਨ ਸਵੇਰੇ ਚਾਰ ਕੁ ਵਜੇ ਆਉਂਦਾ ਸੀ ਤੇ ਉੱਥੋਂ ਬਹੁਤ ਸਾਰੇ ਯਾਤਰੀ ਪੇਠਾ ਖ਼ਰੀਦਦੇ ਸੀ।ਉਨੀਂਦਰੇ ਵਿੱਚ ਯਾਤਰੀ ਪੇਠਾ ਲੈ ਕੇ ਆਪਣੇ ਸਮਾਨ ਦੇ ਕੋਲ ਹੀ ਰੱਖ ਕੇ ਸੌਂ ਜਾਂਦੇ ਸੀ ਤੇ ਉਨ੍ਹਾਂ ਦੇ ਸੌਂਦਿਆਂ ਹੀ ਨਾਲ ਬੈਠੇ ਮੁੰਡੇ ਸਾਰਾ ਪੇਠਾ ਖਾ ਜਾਂਦੇ ਸੀ।ਇੱਕ ਬਾਰੀ ਮੈਨੂੰ ਯਾਦ ਹੈ ਦੀਵਾਲੀ ਵਾਲੀ ਰਾਤ ਅਸੀਂ ਉੱਥੇ ਹੀ ਸੀ।ਹੋਸਟਲ ਦੇ ਬਾਹਰ ਢਾਬੇ ਵਾਲਿਆਂ ਮਿਠਾਈਆਂ ਬਣਾਈਆਂ ਹੋਈਆ ਸੀ ਤੇ ਉਹ ਦੀਵਾਲੀ ਦੀ ਰਾਤ ਨੂੰ ਪੂਜਾ ਕਰ ਕੇ ਲਕਸ਼ਮੀ ਦੇ ਆਉਣ ਦੇ ਵਿਸ਼ਵਾਸ ਨਾਲ ਦੁਕਾਨਾਂ ਖੁੱਲ੍ਹੀਆਂ ਹੀ ਛੱਡ ਆਪਣੇ ਘਰ ਚਲੇ ਗਏ ਤੇ ਅਸੀਂ ਰਾਤ ਨੂੰ ਰੱਸਗੁੱਲੇ-ਜਾਮਨਾਂ ਖਾ-ਖਾ ਢਿੱਡ ਅਫ਼ਰਾ ਲਏ ਸੀ।ਸਭ ਤੋਂ ਜ਼ਿਆਦਾ ਲੁੱਟ ਤੇ ਭੁੱਖ ਖਾਣ-ਪੀਣ ਦੇ ਸਮਾਨ ਦੀ ਹੀ ਹੁੰਦੀ ਸੀ।ਸਾਬਣ ਤੇ ਪੇਸਟ ਦੀ ਘਾਟ ਤਾਂ ਸਦਾ ਹੀ ਰਹਿੰਦੀ ਸੀ ਜਿੰਨੀ ਵਾਰੀ ਮਰਜ਼ੀ ਨਵਾਂ ਲੈ ਲਈਏ ਦੂਜੇ ਦਿਨ ਗ਼ਾਇਬ ਹੋ ਜਾਂਦਾ ਸੀ।

ਸ਼ਾਮ ਨੂੰ ਕਾਲਜ ਤੋਂ ਬਾਅਦ ਘੰਟਿਆਂ ਬੱਧੀ ਗੁਰਦਵਾਰੇ ਦਾ ਨਾਲ ਵਾਲੇ ਢਾਬਿਆਂ 'ਤੇ ਬੈਠੇ ਚਾਹਾਂ ਹੀ ਪੀਂਦੇ ਰਹਿਣਾ।ਜਦੋਂ ਕਦੇ ਗੁਰਦੁਆਰਾ ਸਾਹਿਬ ਕਿਸੇ ਮੁੰਡੇ ਦਾ ਕੋਈ ਰਿਸ਼ਤੇਦਾਰ ਜਾਂ ਜਾਣ-ਪਹਿਚਾਣ ਵਾਲੇ ਨੇ ਆਉਣਾ ਤਾਂ ਉਹਦੇ ਨਾਲੋਂ ਜ਼ਿਆਦਾ ਚਾਅ ਉਹਦੇ ਦੋਸਤਾਂ ਨੂੰ ਚੜ੍ਹ ਜਾਂਦਾ ਸੀ ਕਿਉਂਕਿ ਉਸ ਰਿਸ਼ਤੇਦਾਰ ਦੀ ਸੇਵਾ ਦੇ ਨਾਲ ਨਾਲ ਦੋਸਤਾਂ ਦੀਆਂ ਵੀ ਖਾਣ-ਪੀਣ ਦੀਆਂ ਪੌਂ-ਬਾਰਾਂ ਹੋ ਜਾਂਦੀਆਂ ਸਨ।ਜੇਕਰ ਕਦੇ ਦੋ-ਤਿੰਨ ਛੁੱਟੀਆਂ ਇਕੱਠੀਆਂ ਆ ਜਾਂਦੀਆਂ ਤਾਂ ਘੁੰਮਣ ਲਈ ਹੈਦਰਾਬਾਦ ਚਲੇ ਜਾਂਦੇ ਸੀ ਜਾਂ ਹਜ਼ੂਰ ਸਾਹਿਬ ਮੱਥਾ ਟੇਕਣ ਚਲੇ ਜਾਣਾ।ਉੱਥੋਂ ਹੀ ਪੜ੍ਹਾਈ ਦੇ ਪਹਿਲੇ ਸਾਲ ਦੌਰਾਨ ਅਸੀਂ ਤਿੰਨ-ਚਾਰ ਦੋਸਤਾਂ ਨੇ ਪੂਰੀ ਬੰਬਈ (ਅੱਜ-ਕੱਲ੍ਹ ਮੁੰਬਈ) ਘੁੰਮੀ ਸੀ ਜੀਹਦੀਆਂ ਯਾਦਾਂ ਅੱਜ ਵੀ ਅਚੇਤ ਮਨਾਂ ਵਿੱਚ ਤਾਜ਼ਾ ਹਨ।

ਹੋਸਟਲ ਵਿੱਚ ਗਰੁੱਪ-ਬਾਜ਼ੀ ਵੀ ਬਹੁਤ ਸੀ।ਹਰ ਤਿਉਹਾਰ 'ਤੇ ਮੁੰਡਿਆਂ ਦੀ ਘੁੱਟ ਲਾਈ ਹੋਣ ਕਰ ਕੇ ਕੋਈ ਨਾ ਕੋਈ ਲੜਾਈ ਹੋ ਹੀ ਜਾਂਦੀ ਸੀ।ਆਮ ਤੌਰ 'ਤੇ ਪਾੜ੍ਹਿਆਂ ਦੀ ਲੜਾਈ ਕੁੜੀਆਂ ਕਰ ਕੇ ਹੁੰਦੀ ਹੈ ਪਰ ਸਾਡੇ ਕਾਲਜ ਵਿੱਚ ਸਿਰਫ਼ ਮੁੰਡੇ ਹੀ ਪੜ੍ਹਦੇ ਸੀ ਤੇ ਲੜਾਈਆਂ ਦੇ ਕਾਰਨ ਬੱਸ ਉਹੀ ਅੱਖਾਂ ਕੱਢਣੀਆਂ ਜਾਂ ਮੁੱਛਾਂ ਨੂੰ ਤਾਓ ਦੇਣੇ ਆਦਿ।ਹੁਣ ਜਦੋਂ ਵੀ ਰੀ-ਯੂਨੀਅਨਾਂ 'ਤੇ ਮਿਲਦੇ ਹਾਂ ਤਾਂ ਸਾਰੇ ਇਹ ਸਾਰੀਆਂ ਗੱਲਾਂ ਯਾਦ ਕਰ ਕੇ ਬਹੁਤ ਖ਼ੁਸ਼ ਹੁੰਦੇ ਹਾਂ। ਹੋਸਟਲ 'ਚ ਬਿਤਾਏ ਇਹ ਦਿਨ ਜੇਕਰ ਕੋਈ ਖ਼ਜ਼ਾਨਾ ਨਹੀਂ ਤਾਂ ਕਿਸੇ ਖ਼ਜ਼ਾਨੇ ਤੋਂ ਘੱਟ ਵੀ ਨਹੀਂ ਹਨ।ਉਸ ਸੱਚੇ ਰੱਬ ਅੱਗੇ ਦੁਆ ਹੈ ਬਈ ਇਹ ਸਾਰੇ ਯਾਰ ਅਣਮੁੱਲੇ ਸਦਾ ਹੱਸਦੇ-ਖੇਡਦੇ ਤੰਦਰੁਸਤ ਰਹਿਣ।

# ਸਿੱਖਿਆ ਦੇ ਨਾਲ ਸੰਸਕਾਰ ਵੀ ਜ਼ਰੂਰੀ

-ਪ੍ਰਿੰ. ਡਾਕਟਰ ਮੋਹਨ ਲਾਲ ਸ਼ਰਮਾ

ਸਿੱਖਿਆ ਮਨੁੱਖ ਦੇ ਜੀਵਨ ਦਾ ਸਭ ਤੋਂ ਕੀਮਤੀ ਤੋਹਫਾ ਹੈ, ਜੋ ਵਿਅਕਤੀ ਦੇ ਜੀਵਨ ਦੀ ਦਿਸ਼ਾ ਅਤੇ ਦਸ਼ਾ ਦੋਵੇਂ ਬਦਲ ਦਿੰਦਾ ਹੈ।ਸੰਸਕਾਰ ਮਨੁੱਖ ਦੇ ਜੀਵਨ ਦਾ ਸਾਰ ਹੈ। ਚੰਗੇ ਸੰਸਕਾਰਾਂ ਰਾਹੀਂ ਮਨੁੱਖਾਂ ਦੀ ਸ਼ਖਸੀਅਤ ਦਾ ਨਿਰਮਾਣ ਅਤੇ ਵਿਕਾਸ ਹੁੰਦਾ ਹੈ ਅਤੇ ਜਦੋਂ ਮਨੁੱਖ ਵਿੱਚ ਸਿੱਖਿਆ ਅਤੇ ਸੰਸਕਾਰ ਦੋਵਾਂ ਦਾ ਵਿਕਾਸ ਹੋਵੇਗਾ ਤਾਂ ਉਹ ਪਰਵਾਰ, ਸਮਾਜ ਅਤੇ ਦੇਸ਼ ਦਾ ਵਿਕਾਸ ਕਰ ਸਕੇਗਾ। ਅੱਜ ਦੇ ਸਮੇਂ ਵਿੱਚ ਸਿੱਖਿਆ ਦਾ ਭਾਵ ਸਿਰਫ ਕਿਤਾਬੀ ਗਿਆਨ ਤੱਕ ਸੀਮਿਤ ਰਹਿ ਗਿਆ ਹੈ, ਜਦ ਕਿ ਸਿੱਖਿਆ ਅਸਲੀ ਚਰਿੱਤਰ ਦਾ ਗਿਆਨ ਹੁੰਦਾ ਹੈ, ਜੋ ਅੱਜ ਦੀ ਇਸ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਅਸੀਂ ਭੁੱਲ ਚੁੱਕੇ ਹਾਂ।

ਅੱਜ ਦੇ ਮਾਤਾ-ਪਿਤਾ ਅਤੇ ਅਧਿਆਪਕਾਂ ਦਾ ਇਹ ਫਰਜ਼ ਹੋਣਾ ਚਾਹੀਦਾ ਹੈ ਕਿ ਬੱਚਿਆਂ ਨੂੰ ਸਦਾ ਸੱਚਾਈ ਦੇ ਰਸਤੇ ਉੱਤੇ ਚੱਲਣਾ ਸਿਖਾਉਣ, ਉਨ੍ਹਾਂ ਨੂੰ ਹੋਰਨਾਂ ਦੀ ਮਦਦ ਲਈ ਤਿਆਰ ਰਹਿਣਾ ਸਿਖਾਉਣ, ਮਾਤਾ ਪਿਤਾ ਅਧਿਆਪਕ ਤੇ ਵੱਡਿਆਂ ਦਾ ਸਨਮਾਨ ਕਰਨਾ ਸਿਖਾਉਣ, ਈਸ਼ਵਰ ਉੱਤੇ ਵਿਸ਼ਵਾਸ ਰੱਖਣਾ ਸਿਖਾਉਣ, ਉਨ੍ਹਾਂ ਨੂੰ ਸਹਿਣਸ਼ੀਲ ਬਣਾਉਣ, ਫਰਜ਼ਾਂ ਪ੍ਰਤੀ ਸੁਚੇਤ ਬਣਾਉਣ ਅਤੇ ਸਾਰਿਆਂ ਨਾਲ ਪ੍ਰੇਮ ਵਾਲਾ ਵਤੀਰਾ ਕਰਨਾ ਸਿਖਾਉਣ।

ਮਨੁੱਖ ਆਪਣੇ ਜੀਵਨ ਵਿੱਚ ਜੋ ਡਿਗਰੀ ਹਾਸਲ ਕਰਦਾ ਹੈ, ਉਹ ਸਿਰਫ ਕਾਗਜ਼ ਦਾ ਟੁਕੜਾ ਹੈ, ਜਦ ਕਿ ਵਿਅਕਤੀ ਦੀ ਅਸਲੀ ਡਿਗਰੀ ਉਸ ਦੇ ਸੰਸਕਾਰ ਤੇ ਵਤੀਰੇ ਵਿੱਚ ਝਲਕਦੀ ਹੈ।ਪ੍ਰਾਚੀਨ ਕਾਲ ਤੋਂ ਹੀ ਸਾਡੇ ਭਾਰਤ ਵਿੱਚ ਸੰਸਕਾਰਾਂ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ। ਵਿਦਿਆਰਥੀ ਨੂੰ ਸਭ ਤੋਂ ਪਹਿਲਾਂ 'ਮਾਤ੍ਰਦੇਵੋ ਭਵ, ਪਿਤ੍ਰੇਦੇਵੋ ਭਵ, ਆਚਾਰਯ ਦੇਵੋ ਭਵ ਅਤੇ ਅਤਿਥੀ ਦੇਵੋ ਭਵ' ਦੀ ਸਿੱਖਿਆ ਦਿੱਤੀ ਜਾਂਦੀ ਹੈ ਤਾਂ ਜੋ ਉਹ ਉਮਰ ਭਰ ਨੇਕੀ ਦੇ ਰਸਤੇ ਉੱਤੇ ਚੱਲ ਕੇ ਮਰਿਆਦਾ ਵਾਲਾ ਇਨਸਾਨ ਬਣੇ ਅਤੇ ਆਪਣੇ ਵੱਡਿਆਂ ਦਾ ਨਾਂਅ ਰੋਸ਼ਨ ਕਰੇ, ਪਰ ਅੱਜ ਦੀ ਸਥਿਤੀ ਬਹੁਤ ਗੰਭੀਰ ਹੋ ਚੁੱਕੀ ਹੈ।

ਅੱਜ ਦਾ ਵਿਦਿਆਰਥੀ ਭੌਤਿਕਵਾਦੀ ਰੁਝਾਨ ਦਾ ਬਣ ਚੁੱਕਾ ਹੈ।ਉਹ ਪੜ੍ਹਾਈ ਇਸ ਲਈ ਕਰਦਾ ਹੈ ਤਾਂ ਜੋ ਅਗਲੇ ਸਮੇਂ ਵਿੱਚ ਆਪਣੇ ਜੀਵਨ ਵਿੱਚ ਕੁਝ ਚੰਗੇ ਪੈਸੇ ਕਮਾ ਸਕੇ।ਉਸ ਡਾਕਟਰ ਨੂੰ ਵੀ ਇਸ ਗੱਲ ਤੋਂ ਕੋਈ ਫਰਕ ਨਹੀਂ ਪੈਂਦਾ ਕਿ ਸਾਹਮਣੇ ਵਾਲੇ ਦੀ ਆਰਥਿਕ ਸਥਿਤੀ ਕੀ ਹੈ। ਉਹ ਸਿਰਫ ਉਸ ਦਾ ਇਲਾਜ ਉਦੋਂ ਕਰਦਾ ਹੈ ਜਦੋਂ ਉਸ ਮਰੀਜ਼ ਕੋਲ ਇਲਾਜ ਕਰਵਾਉਣ ਲਈ ਪੈਸੇ ਹੁੰਦੇ ਹਨ।ਇਹ ਸਾਰੇ ਗੁਣ ਉਸ ਨੂੰ ਬਾਜ਼ਾਰੀ ਸਿੱਖਿਆ ਤੋਂ ਨਹੀਂ, ਸਗੋਂ ਸੰਸਕਾਰਾਂ ਦੀ ਸਿੱਖਿਆ ਤੋਂ ਮਿਲਣਗੇ ਅਤੇ ਉਹ ਸਿੱਖਿਆ ਉਸ ਨੂੰ ਆਪਣੇ ਘਰ ਵਿੱਚ ਹੀ ਮਿਲੇਗੀ।

ਪਿਛਲੇ ਦਿਨੀਂ ਸੋਸ਼ਲ ਮੀਡੀਆ ਉੱਤੇ ਇੱਕ ਪੁਲਸ ਅਧਿਕਾਰੀ ਦੀ ਆਪਣੇ ਪੁਰਾਣੇ ਸਕੂਲ ਵਿੱਚ ਅਧਿਆਪਕਾਂ ਦੇ ਪੈਰ ਛੂੰਹਦੇ ਹੋਏ ਫੋਟੋ ਵਾਇਰਲ ਹੋਈ ਸੀ।ਸਾਫ ਸੀ ਕਿ ਪੁਲਸ ਅਫਸਰ ਬਣੇ ਵਿਦਿਆਰਥੀ ਨੇ ਆਪਣੇ ਗੁਰੂ ਦਾ ਮਾਣ ਰੱਖਿਆ। ਜੇ ਉਹ ਪੁਲਸ ਅਫਸਰ ਬਣਿਆ ਵਿਦਿਆਰਥੀ ਆਪਣੇ ਪੁਰਾਣੇ ਸਕੂਲ ਵਿੱਚ ਨਾ ਆਉਂਦਾ ਤਾਂ ਕੀ ਹੁੰਦਾ।ਉਸ ਨੇ ਤਾਂ ਪੜ੍ਹਾਈ ਦੇ ਨਾਲ ਸੰਸਕਾਰਾਂ ਦੇ ਰਸਤੇ ਨੂੰ ਵੀ ਚੁਣਿਆ ਸੀ।

ਪ੍ਰਾਚੀਨ ਸਮੇਂ ਵਿੱਚ ਬੱਚਿਆਂ ਨੂੰ ਗੁਰੂ ਦੇ ਆਸ਼ਰਮ ਵਿੱਚ ਸਿੱਖਿਆ ਲਈ ਭੇਜਿਆ ਜਾਂਦਾ ਸੀ। ਓਦੋਂ ਵਿਦਿਆਰਥੀ ਉੱਤੇ ਪੜ੍ਹਾਈ ਦਾ ਕੋਈ ਬੋਝ ਨਾ ਪਾ ਕੇ ਸੰਸਕਾਰਾਂ ਦੀ ਸਿੱਖਿਆ ਦਿੱਤੀ ਜਾਂਦੀ ਸੀ ਕਿਉਂਕਿ ਮਨੁੱਖ ਦੇ ਜੀਵਨ ਵਿੱਚ ਸੰਸਕਾਰ ਹੀ ਉਹ ਜਾਇਦਾਦ ਹੈ, ਜੋ ਮਨੁੱਖ ਨੂੰ ਸਫਲ ਨਾਗਰਿਕ ਬਣਾਉਂਦੇ ਹਨ, ਜਿਵੇਂ ਬੱਚਿਆਂ ਨੂੰ ਜੇ ਤੋਹਫਾ ਨਾ ਦਿੱਤਾ ਜਾਵੇ ਤਾਂ ਉਹ ਕੁਝ ਸਮੇਂ ਤੱਕ ਰੋਵੇਗਾ, ਪਰ ਜੇ ਬੱਚਿਆਂ ਨੂੰ ਸੰਸਕਾਰ ਨਾ ਦਿੱਤੇ ਜਾਣ ਤਾਂ ਉਹ ਜੀਵਨ ਭਰ ਰੋਵੇਗਾ।ਸਿੱਖਿਆ ਲੈਣਾ ਤੇ ਸਿੱਖਿਆ ਖਰੀਦਣਾ ਦੋ ਵੱਖ-ਵੱਖ ਵਿਸ਼ੇ ਹਨ।ਸਿੱਖਿਆ ਲੈਣ ਉੱਤੇ ਸੰਸਕਾਰ ਮਿਲਦੇ ਹਨ, ਜਦ ਕਿ ਸਿੱਖਿਆ ਖਰੀਦਣ ਉੱਤੇ ਵਿਦਿਆਰਥੀ ਸੇਵਾ ਦਾ ਖਪਤਕਾਰ ਬਣ ਜਾਂਦਾ ਹੈ। ਠੀਕ ਉਸੇ ਤਰ੍ਹਾਂ ਜਦੋਂ ਖਪਤਕਾਰ ਕਿਸੇ ਵਸਤੂ ਨੂੰ ਖਰੀਦੇਗਾ ਤਾਂ ਉਸ ਦਾ ਮੁੱਲ-ਭਾਅ ਕਰੇਗਾ ਹੀ। ਇਹ ਵੀ ਦੇਖਿਆ ਜਾਂਦਾ ਹੈ ਕਿ ਮਾਤਾ-ਪਿਤਾ ਆਪਣੇ ਬੱਚੇ ਨੂੰ ਉਸੇ ਕੋਚਿੰਗ ਸੈਂਟਰ ਵਿੱਚ ਦਾਖਲਾ ਦਿਵਾਉਂਦੇ ਹਨ, ਜਿਸ ਦੀ ਫੀਸ ਵੱਧ ਹੁੰਦੀ ਹੈ। ਉਨ੍ਹਾਂ ਮੁਤਾਬਕ ਉਹੀ ਸਭ ਤੋਂ ਚੰਗੇ ਵਿਦਿਆ ਦੇ ਮੰਦਰ ਹਨ।ਉਨ੍ਹਾਂ ਨੂੰ ਇਸ ਨਾਲ ਫਰਕ ਨਹੀਂ ਪੈਂਦਾ ਕਿ ਉਨ੍ਹਾਂ ਦਾ ਬੱਚਾ ਉਥੇ ਕਿੱਦਾਂ ਦੀ ਸਿੱਖਿਆ ਹਾਸਲ ਕਰਦਾ ਹੈ।ਕੀ ਉਸ ਨੂੰ ਉਥੇ ਨੈਤਿਕਤਾ ਦੀ ਸਿੱਖਿਆ ਮਿਲਦੀ ਹੈ, ਜਵਾਬ ਹੋਵੇਗਾ ਸ਼ਾਇਦ ਨਹੀਂ।ਜਿਸ ਵਿਦਿਆ ਨਾਲ ਸਿਰਫ ਰੋਜ਼ੀ-ਰੋਟੀ ਚਲਾਉਣੀ ਸਿਖਾਈ ਜਾਵੇ ਅਤੇ ਰਟ ਕੇ ਨੰਬਰ ਲਿਆਂਦੇ ਜਾਣ, ਉਥੇ ਮਨੁੱਖੀ ਕਦਰਾਂ ਕੀਮਤਾਂ ਅਤੇ ਸੰਸਕਾਰਾਂ ਦੀ ਸਿੱਖਿਆ ਦਾ ਵਿਚਾਰ ਕਰਨਾ ਦਿਨ ਵੇਲੇ ਸੁਫਨਾ ਦੇਖਣ ਵਰਗਾ ਹੈ। ਮਾਪਿਆਂ ਨੂੰ ਪਤਾ ਨਹੀਂ ਕਿ ਕੋਚਿੰਗ ਕੇਂਦਰ ਵਿੱਚ ਪੜ੍ਹ ਕੇ ਨਿਕਲਿਆ ਬੱਚਾ ਹੀ ਸਫਲ ਹੋਵੇਗਾ। ਉਨ੍ਹਾਂ ਨੂੰ ਪਤਾ ਨਹੀਂ ਕਿ ਇੱਥੋਂ ਨਿਕਲਿਆ ਬੱਚਾ ਮੋਟੀ ਤਨਖਾਹ ਹਾਸਲ ਕਰ ਲਵੇਗਾ, ਪਰ ਉਹ ਸੰਸਕਾਰ ਕਿੱਥੋਂ ਲਵੇਗਾ ਜੋ ਗੁਰੂਕੁਲ ਵਿੱਚ ਮਿਲਦੇ ਸੀ, ਉਸ ਨੂੰ ਆਪਣੇ ਘਰ ਦੇ ਵੱਡੇ ਬਜ਼ੁਰਗਾਂ ਕੋਲੋਂ ਅਤੇ ਘਰ ਆਏ ਮਹਿਮਾਨਾਂ ਅਤੇ ਆਂਢ ਗੁਆਂਢ ਦੇ ਲੋਕਾਂ ਵੱਲੋਂ ਮਿਲਦੇ ਸੀ।

ਅੱਜ ਦਾ ਵਿਦਿਆਰਥੀ ਉਚ ਸਿੱਖਿਆ ਨੂੰ ਹਾਸਲ ਕਰ ਕੇ ਹੰਕਾਰੀ ਬਣਦਾ ਜਾਂਦਾ ਹੈ।ਸੱਚਾਈ ਇਹ ਹੈ ਕਿ ਤੁਸੀਂ ਕਿੰਨੀ ਹੀ ਉੱਚ ਸਿੱਖਿਆ ਹਾਸਲ ਕਿਉਂ ਨਾ ਕਰ ਲਓ, ਜਦੋਂ ਤੱਕ ਤੁਹਾਡੇ ਸੰਸਕਾਰ ਉਚ ਨਹੀਂ ਹੋਣਗੇ, ਤੁਸੀਂ ਜਿੱਤੀ ਹੋਈ ਬਾਜ਼ੀ ਵੀ ਹਾਰ ਜਾਓਗੇ, ਕਿਉਂਕਿ ਵਤੀਰਾ ਮਨੁੱਖ ਦਾ ਅਜਿਹਾ ਗੁਣ ਹੈ ਜਿਸ ਰਾਹੀਂ ਦੁਸ਼ਮਣ ਵੀ ਆਪਣਾ ਬਣਾਇਆ ਜਾ ਸਕਦਾ ਹੈ ਅਤੇ ਅੱਜ ਦੇ ਵਿਦਿਆਰਥੀਆਂ ਵਿੱਚ ਇਸ ਗੁਣ ਦੀ ਕਮੀ ਸਭ ਤੋਂ ਵੱਧ ਦਿੱਸਦੀ ਹੈ। ਅੱਜ ਦੇ ਵਿਦਿਆਰਥੀਆਂ ਵਿੱਚ ਉਹ ਸੰਸਕਾਰ ਨਹੀਂ ਹਨ, ਜੋ ਦੇਸ਼ ਤੇ ਸਮਾਜ ਦੀ ਭਲਾਈ ਸਿਖਾ ਸਕਣ। ਭ੍ਰਿਸ਼ਟ ਚਰਿੱਤਰ ਦਾ ਕਾਰਨ ਸ਼ਾਇਦ ਇਸੇ ਤਰ੍ਹਾਂ ਦੀ ਸੰਸਕਾਰਹੀਣ ਸਿੱਖਿਆ ਹੈ, ਜੋ ਸਮਾਜ ਵਿੱਚ ਵਿਅਕਤੀ ਨੂੰ ਸਿਰਫ ਪੈਸਾ ਇਕੱਠਾ ਕਰਨ ਨੂੰ ਮਜਬੂਰ ਕਰਦੀ ਹੈ। ਅੱਜ ਦਾ ਵਿਦਿਆਰਥੀ ਬੜੀ ਮਹਿੰਗੀ ਸਿੱਖਿਆ ਹਾਸਲ ਕਰ ਰਿਹਾ ਹੈ, ਜਿਸ ਨਾਲ ਸਿੱਖਿਆ ਦਾ ਬਾਜ਼ਾਰੀਕਰਨ ਵੀ ਵਧਦਾ ਜਾ ਰਿਹਾ ਹੈ ਅਤੇ ਉਸ ਪੈਸੇ ਨੂੰ ਵਾਪਸ ਹਾਸਲ ਕਰਨ ਦੀ ਚਾਹਤ ਵਿੱਚ ਉਸ ਦਾ ਚਰਿੱਤਰ ਭ੍ਰਿਸ਼ਟ ਹੁੰਦਾ ਜਾ ਰਿਹਾ ਹੈ। ਇਸ ਲਈ ਮਨੁੱਖ ਦੇ ਜੀਵਨ ਵਿੱਚ ਪੜ੍ਹਾਈ ਹੀ ਸਭ ਕੁਝ ਨਹੀਂ, ਸੰਸਕਾਰਾਂ ਦਾ ਵੀ ਮਹੱਤਵ ਪੂਰਨ ਸਥਾਨ ਹੈ ਅਤੇ ਸੰਸਕਾਰ ਕਿਤੋਂ ਖਰੀਦੇ ਨਹੀਂ ਜਾਂਦੇ।ਸੰਸਕਾਰ ਕਿਸੇ ਵੱਡੇ ਸਿੱਖਿਆ ਕੇਂਦਰ ਜਾਂ ਬਾਜ਼ਾਰ ਵਿੱਚ ਕਿਸੇ ਦੁਕਾਨ ਉੱਤੇ ਵੀ ਨਹੀਂ ਮਿਲਦੇ, ਸਗੋਂ ਚੰਗੇ ਸੰਸਕਾਰ ਤਾਂ ਬੱਚਿਆਂ ਨੂੰ ਪਰਵਾਰ, ਚੰਗੇ ਸਕੂਲ ਤੇ ਚੰਗੇ ਵਾਤਾਵਰਣ ਵਿੱਚ ਰਹਿ ਕੇ ਹੀ ਮਿਲਦੇ ਹਨ।

ਜੇਕਰ ਗੁਰਦੇ ਦੀ ਪੱਥਰੀ ਤੋਂ ਤੁਸੀਂ ਪਰੇਸ਼ਾਨ ਹੋ ਤਾਂ ਘਬਰਾਉਣ ਦੀ ਕੋਈ ਲੋੜ ਨਹੀਂ ਕਰਨਾ ਕੀ ਹੈ ਤੁਸੀਂ ਇਕ ਕਿੱਲੋ ਕੁਲਥੀ ਦਾਲ ਲਵੋ ਉਸ ਨੂੰ ਮਿੱਟੀ ਦੇ ਭਾਂਡੇ ਵਿੱਚ ਬਿਨਾਂ ਲੂਣ ਮਿਰਚ ਤੋਂ ਬਣਾਉ ਅਤੇ ਹੋਰ ਕੁਝ ਵੀ ਨਹੀਂ ਖਾਣਾ ਸਿਰਫ ਕੁਲਥ ਦੀ ਦਾਲ ਹੀ ਖਾਣੀ। ਇੱਕ ਵਾਰ ਖਾਣ ਨਾਲ ਗੁਰਦੇ ਦੀ ਪੱਥਰੀ ਨਿਕਲ ਜਾਵੇਗੀ ਤੇ ਨਾਂ ਹੀ ਕੋਈ ਅੱਗੇ ਤੋਂ ਨਵੀਂ ਪੱਥਰੀ ਬਣੇਗੀ।
ਕਮਲਜੀਤ ਸਿੰਘ ਫਰਿਜ਼ਨੋ
824 5257

# ਜਵਾਨੀ ਜ਼ਿੰਦਾਬਾਦ

**ਪਿਛਲੇ ਸਮੇਂ ਇਹ ਵੀ ਦੇਖਣ ਵਿੱਚ ਆਇਆ ਹੈ ਕਿ ਜੋ ਨੌਜਵਾਨ ਆਪਣੇ ਮਾਂ-ਪਿਓ ਦੀ ਕਦਰ ਨਹੀਂ ਕਰਦੇ ਉਹ ਰੁੱਲ ਜਾਂਦੇ ਹਨ ਕਿ ਬਹੁਤ ਸਾਰੇ ਨੌਜਵਾਨਾਂ ਦੀ ਸੋਚ ਹੁੰਦੀ ਹੈ ਕਿ ਜ਼ਿੰਦਗੀ ਵਿਚ ਕਿਸੇ ਖਾਸ ਮਰਤਬੇ ਨੂੰ ਪਾ ਕੇ ਨਵੀਂ ਜ਼ਿੰਦਗੀਜਿਊਣਾ ਚਾਹੁੰਦੇ ਹਨ । ਪਰ ਕਾਰਨ ਅਜਿਹੇ ਬਣਦੇ ਨੇ ਕਿ ਉਹ ਇਹ ਚਾਹ ਕੇ ਵੀ ਇਸ ਤਰ੍ਹਾਂ ਨਹੀਂ ਕਰ ਸਕਦੇ । ਬਹੁਤ ਸਾਰੇ ਨੌਜਵਾਨ ਆਪਣੇ ਮਾਂ-ਪਿਓ ਦੀ ਸੇਵਾ ਕਰਕੇ ਰੁਤਬਾ ਖੱਟ ਜਾਂਦੇ ਹਨ ਅਤੇ ਜ਼ਿੰਦਗੀ ਦੀਆਂ ਮੰਜਿਲਾਂ ਨੂੰ ਪਾ ਕੇ ਆਪਣਾ ਕੰਮ ਕਰਦੇ ਹਨ**



**ਸਿੰਦਰ ਸਿੰਘ ਮੀਰਪੁਰੀ**
ਫਰਿੱਜਨੋ ਕੈਲੇਫੋਰਨੀਆ ਯੂ.ਐਸ.ਏ.
ਫੋਨ 5592850841

– ਅਜੋਕੇ ਸਮੇਂ ਦਾ ਹਰ ਇਨਸਾਨ ਇਕੋ ਗੱਲ ਚਾਹੁੰਦਾਂ ਹੈ ਕਿ ਉਹ ਪੂਰੀ ਉਮਰ ਜਵਾਨ ਵਿਖਾਈ ਦਿੰਦਾ ਰਹੇ ।ਪਰ ਬਹੁਤ ਸਾਰੀਆਂ ਗੱਲਾਂ ਕੁਦਰਤ ਦੇ ਵੱਸ ਵਿੱਚ ਹੁੰਦੀਆਂ ਹਨ । ਅਸਲ ਵਿਚ ਕੀ ਹੈ ਕਿ ਇਨਸਾਨ ਪੂਰੀ ਉਮਰ ਦੌਰਾਨ ਇਕੋ ਜਿਹਾ ਹੀ ਦੇਖਣ ਦੀ ਤਾਂਕ ਵਿਚ ਜਿੰਦਗੀ ਬਤੀਤ ਕਰਦਾ ਹੈ ।ਇਹ ਜ਼ਿੰਦਗੀ ਦਾ ਦਸਤੂਰ ਵੀ ਹੈ ਅਤੇ ਰਹਿੰਦਾ ਵੀ ਹੈ ਕਿਉਕੇ ਜਿੰਦਗੀ ਕਿਸੇ ਦੇ ਆਖੇ ਮੁੜ ਨਹੀਂ ਜਾਂਦੀ ਉਹ ਆਪਣੀ ਚਾਲੇ ਚੱਲਦੀ ਰਹਿੰਦੀ ਹੈ । ਇਨਸਾਨ ਪਹਿਲਾਂ ਬੱਚਾ ਫਿਰ ਜਵਾਨ ਅਤੇ ਬਜੁਰਗ ਅਵਸਥਾ ਦੇ ਵਿੱਚ ਜਾ ਕੇ ਜ਼ਿੰਦਗੀ ਬਤੀਤ ਕਰਦਾ ਹੈ । ਜੇਕਰ ਉਹ ਕੁਦਰਤ ਦੇ ਰੰਗ ਵਿੱਚ ਰੰਗ ਕੇ ਜ਼ਿੰਦਗੀ ਬਤੀਤ ਕਰਦਾ ਹੈ ਤਾਂ ਠੀਕ ਹੈ ਨਹੀਂ ਤਾਂ ਫਿਰ ਕਈ ਵਾਰ ਜਿੰਦਗੀ ਔਝੜ ਭਰੇ ਰਾਹਾਂ ਦੀ ਪਾਂਧੀ ਹੋ ਨਿੱਬੜਦੀ ਹੈ । ਹਰ ਇਨਸਾਨ ਆਪਣੀ ਵਾਹ ਲਾ ਕੇ ਹਟਦਾ ਹੈ ਆਪਣੇ ਆਪ ਨੂੰ ਜਵਾਨ ਦੇਖਣ ਦੇ ਲਈ ਕੁਝ ਵੀ ਕਰਦਾ ਹੈ । ਨਿੱਤ ਨਵੇਂ ਤਰ੍ਹਾਂ ਦੇ ਅਚਨੇ ਮਚਨੇ ਕਰਕੇ ਬਹੁਤ ਸਾਰੇ ਇਨਸਾਨ ਕਈ ਵਾਰ ਆਪਣੀ ਸੂਰਤ ਹੋਰ ਵੀ ਖਰਾਬ ਕਰ ਲੈਂਦੇ ਹਨ ਅਤੇ ਕਈ ਵਾਰ ਬਹੁਤ ਸਾਰਿਆਂ ਨੇ ਆਪਣੀ ਦੇਹ ਨੂੰ ਬੁਰੀ ਤਰਾਂ ਖਰਾਬ ਕੀਤਾ ਹੈ ।

ਗੁਰੂ ਸਾਹਿਬ ਨੇ ਗੁਰਬਾਣੀ ਦੇ ਵਿੱਚ ਅਤੇ ਆਪਣੀ ਜ਼ਿੰਦਗੀ ਦੇ ਫਲਸਫੇ ਅਨੁਸਾਰ ਇਨਸਾਨ ਨੂੰ ਆਖਿਆ ਹੈ ਕਿ ਜਵਾਨੀ ਨੂੰ ਸਾਂਭ ਕੇ ਰੱਖੋ । ਪਰ ਬਹੁਤ ਘੱਟ ਇਨਸਾਨ ਹੁੰਦੇ ਹਨ ਜੋ ਨਵੀਂ ਉਮਰ ਨੂੰ ਸਾਂਭਦੇ ਹਨ । ਇਨਸਾਨ ਉਮਰ ਦੇ ਇਕ ਪੜਾਅ ਤੇ ਜਾ ਕੇ ਆਪਣੀ ਦਾੜੀ ਨੂੰ ਰੰਗ ਕੇ ਜਵਾਨ ਵਿਖਾਈ ਦੇਣ ਦੀ ਕੋਸ਼ਿਸ਼ ਕਰਦਾ ਹੈ । ਜੇਕਰ ਅਸੀਂ ਗੁਰਬਾਣੀ ਦੇ ਫਲਸਫੇ ਅਨੁਸਾਰ ਜ਼ਿੰਦਗੀ ਜੀਉ ਕੇ ਦੁਨੀਆਂ ਵਿੱਚ ਵਿਚਰਦੇ ਹਾਂ ਤਾਂ ਇਹ ਆਪਣੇ ਆਪ ਵਿੱਚ ਬਹੁਤ ਵੱਡੀ ਗੱਲ ਹੈ । ਕਿਉਂਕਿ ਗੁਰੂ ਸਾਹਿਬ ਨੇ ਸਾਰੀ ਉਮਰ ਸਾਦਗੀ ਅਤੇ ਸੱਚ ਭਰਪੂਰ ਜ਼ਿੰਦਗੀ ਜਿਊਣ ਨੂੰ ਤਰਜੀਹ ਦੇ ਕੇ ਵੱਡੀ ਪੱਧਰ ਤੇ ਲੋਕਾਂ ਨੂੰ ਸੱਚੀ ਸੁੱਚੀ ਕਿਰਤ ਕਰਨ ਦੇ ਰਾਹ ਪਾਇਆ ਹੈ । ਗੁਰਬਾਣੀ ਅਤੇ ਗੁਰੂ ਸਾਹਿਬ ਦਾ ਫਲਸਫਾ ਵੀ ਇਹ ਹੈ ਕੇ ਸੱਚੀ-ਸੁੱਚੀ ਕਿਰਤ ਕਰਕੇ ਨੌਜਵਾਨੀ ਨੂੰ ਆਪਣੇ ਕੰਮ ਵਿੱਚ ਨਿਪੁੰਨ ਹੋਣ ਦੀ ਜਾਂਚ ਹੋਣੀ ਚਾਹੀਦੀ ਹੈ । ਗੁਰੂ ਸਾਹਿਬ ਨੇ ਤਾ ਉਮਰ ਆਪਣੀ ਕਦੇ ਵੀ ਸਿਵਾਏ ਸਾਦਗੀ ਤੋਂ ਤੜਕ ਭੜਕ ਭਰੀ ਜ਼ਿੰਦਗੀ ਨੂੰ ਆਪਣੇ ਨੇੜੇ ਨਾ ਢੁੱਕਣ ਦਿੱਤਾ । ਅੱਜ ਬਹੁਤ ਸਾਰੇ ਇਨਸਾਨ ਆਪਣੇ ਮੂੰਹ ਨੂੰ ਤਰ੍ਹਾਂ-ਤਰ੍ਹਾਂ ਦੀਆਂ ਕ੍ਰੀਮਾਂ ਲਾ ਕੇ ਰੰਗ-ਢੰਗ ਬਦਲਦੇ ਰਹਿੰਦੇ ਹਨ । ਕਈਆਂ ਵੱਲੋਂ ਆਪਣੇ ਮਾਪਿਆਂ ਦੀ ਇੱਜਤ ਨਹੀਂ ਕੀਤੀ ਜਾਂਦੀ ਜੋ ਗਲਤ ਹੈ ।

ਅੱਜ ਦੀ ਨੌਜਵਾਨੀ ਜ਼ਿੰਦਗੀ ਵਿੱਚ ਅਗਾਂਹ ਵਧਣ ਨੂੰ ਲੈ ਕੇ ਪੂਰੀ ਤਰ੍ਹਾਂ ਤਤਪਰ ਰਹਿੰਦੀ ਹੈ ਬਹੁਤ ਸਾਰੇ ਨੌਜਵਾਨ ਜਿੰਦਗੀ ਨੂੰ ਸਹੀ ਤਰ੍ਹਾਂ ਲੀਹ ਤੇ ਲਿਆਉਣ ਲਈ ਕੰਮ ਕਰਦੇ ਹਨ । ਕਦੇ ਕੋਈ ਨੌਜਵਾਨ ਆਖਦਾ ਹੈ ਕਿ ਮੈਂ ਆਹ ਗੱਡੀ ਲੈ ਕੇ ਆਪਣੀ ਜ਼ਿੰਦਗੀ ਦੀ ਨਵੀਂ ਵਿਉਂਤਬੰਦੀ ਬਣਾਉਣ ਅਤੇ ਦੂਜਾ ਨੌਜਵਾਨ ਨਵੀਂ ਖੇਤੀ ਮਸੀਨਰੀ ਲੈ ਕੇ ਜ਼ਿੰਦਗੀ ਦੀ ਸਿਰਤੋੜ ਕੋਸ਼ਿਸ਼ ਨੂੰ ਨੇਪਰੇ ਚਾੜਨ ਦਾ ਰਾਹ ਪੱਧਰਾ ਕਰਦਾ ਹੈ । ਨੌਜੁਆਨਾਂ ਦੇ ਸੁਪਨੇ ਬਹੁਤ ਸੁਨਹਿਰੀ ਹਨ ਉਨ੍ਹਾਂ ਵੱਲੋਂ ਆਪਣੇ ਸੁਪਨਿਆਂ ਨੂੰ ਨੇਪਰੇ ਚਾੜਨ ਦੇ ਲਈ ਕੋਈ ਵੀ ਸਮਾਂ ਅਜਾਈਂ ਨਹੀਂ ਜਾਣ ਦਿੱਤਾ ਹੈ ਕਿ ਇਹ ਵਿਸਾ ਵੱਖਰਾ ਹੈ ਕਿ ਬਹੁਤ ਸਾਰੇ ਨੌਜਵਾਨਾਂ ਦੇ ਸੁਪਨੇ ਕੁਝ ਕਾਰਨਾਂ ਕਰਕੇ ਰਾਹ ਵਿੱਚ ਹੀ ਟੁੱਟ ਜਾਂਦੇ ਹਨ । ਬਹੁਤ ਸਾਰੇ ਨੌਜਵਾਨਾਂ ਦੀਆਂ ਪਾਈਆਂ ਪੂਰੀਆਂ ਜ਼ਿੰਦਗੀ ਵਿੱਚ ਅੱਗੇ ਵੱਧ ਕੇ ਮੋਹਰੀ ਰੋਲ ਅਦਾ ਕਰਦੀਆਂ ਹਨ ਜਿਵੇਂ ਕਈ ਨੌਜਵਾਨਾਂ ਨੇ ਸਿਆਸਤ ਵਿਚ ਦਾਖਲਾ ਲੈ ਕੇ ਕੰਮ ਚੰਗਾ ਕੰਮ ਕੀਤਾ ਹੈ । ਅਜਿਹੇ ਸਿਰੜੀ ਨੌਜਵਾਨ ਹਰ ਸਮੇਂ ਜਰੂਰ ਕਿਸਮਤ ਅਜਮਾਈ ਕਰਦੇ ਹਨ । ਇਸ ਵਿੱਚ ਵੀ ਕੋਈ ਸੱਕ ਨਹੀਂ ਕਿ ਬਹੁਤ ਸਾਰੇ ਨੌਜਵਾਨ ਗੁਰੂ ਸਾਹਿਬ ਦੇ ਫਲਸਫੇ ਨੂੰ ਅਪਣਾ ਕੇ ਜ਼ਿੰਦਗੀ ਦੀ ਵਧੀਆ ਪਗਡੰਡੀ ਉੱਤੇ ਚੜ੍ਹ ਗਏ ਹਨ ।

ਬਹੁਤ ਸਾਰੇ ਨੌਜਵਾਨਾਂ ਦੀ ਦਿਲੀ ਇੱਛਾ ਹੁੰਦੀ ਹੈ ਕਿ ਉਹ ਵਿਆਹ ਕਰਵਾ ਕੇ ਆਪਣੇ ਜੀਵਨ ਸਾਥੀ ਨਾਲ ਚੰਗੀ ਜ਼ਿੰਦਗੀ ਜਿਉਣ ਅਤੇ ਉਨ੍ਹਾਂ ਦੇ ਸੁਪਨੇ ਪੂਰੇ ਹੁੰਦੇ ਹਨ ਅਤੇ ਗੁਰੂ ਸਾਹਿਬ ਦੇ ਫਲਸਫੇ ਨੂੰ ਪ੍ਰਚਾਰਣ ਵਿਚ ਵੀ ਸਹਾਈ ਹੁੰਦੇ ਹਨ । ਨੌਜਵਾਨ ਵਰਗ ਦੀ ਖਾਹਿਸ ਹੁੰਦੀ ਹੈ ਕਿ ਉਹ ਜ਼ਿੰਦਗੀ ਵਿੱਚ ਅੱਗੇ ਵੱਧ ਕੇ ਕੰਮ ਕਰਨ ਅਤੇ ਬਹੁਤ ਵਧੀਆ ਜਿੰਦਗੀ ਜਿਉਣ ਇਹ ਤਮੰਨਾ ਹਰ ਨੌਜਵਾਨ ਦੀ ਹੁੰਦੀ ਹੈ । ਪਰ ਦੂਜੇ ਪਾਸੇ ਕੁਝ ਨੌਜਵਾਨ ਅਜਿਹੇ ਵੀ ਹੁੰਦੇ ਹਨ ਜੋ ਨਸੇ ਅਤੇ ਫੁਕਰਾਪੰਥੀ ਦੇ ਢਹੇ ਚੜ੍ਹ ਕੇ ਚੜ੍ਹ ਕੇ ਆਪਣੀ ਜ਼ਿੰਦਗੀ ਬਰਬਾਦ ਕਰਦੇ ਹਨ ਉਨ੍ਹਾਂ ਦੇ ਮਾਪੇ ਰੁਲ ਜਾਂਦੇ ਹਨ । ਇਹ ਵੀ ਜ਼ਿੰਦਗੀ ਦਾ ਇਕ ਦਸਤੂਰ ਹੈ ਕਿ ਨੌਜਵਾਨ ਵਰਗ ਜਦੋਂ ਮਾੜੀਆਂ ਅਲਾਮਤਾਂ ਦਾ ਸ਼ਿਕਾਰ ਹੁੰਦਾ ਹੈ ਤਾਂ ਉਸ ਦੇ ਬੱਚੇ ਅਤੇ ਮਾਪੇ ਰੁਲ ਜਾਂਦੇ ਹਨ ਅਤੇ ਪੈਸੇ ਦੀ ਬਰਬਾਦੀ ਹੁੰਦੀ ਹੈ । ਜਮੀਨਾਂ ਖਤਮ ਹੋ ਜਾਂਦੀਆਂ ਹਨ ਅਤੇ ਜਿੰਦਗੀ ਗਲਤ ਰਾਹਾਂ ਵਿਚ ਪੈ ਕੇ ਬਰਬਾਦੀ ਦੇ ਕੰਢੇ ਵਲ ਚਲੀ ਜਾਂਦੀ ਹੈ । ਜੇਕਰ ਕੋਈ ਵੀ ਨੌਜਵਾਨ ਸਮਾਜ ਅੰਦਰ ਗਲਤ ਕੰਮ ਕਰਦਾ ਹੈ ਤਾਂ ਉਸ ਦੀ ਬਦਨਾਮੀ ਹੁੰਦੀ ਹੈ । ਜੁਆਨੀ ਇਸ ਲਈ ਹੀ ਜ਼ਿੰਦਾਬਾਦ ਹੈ ਕਿ ਉਹ ਸਹੀ ਰਸਤੇ ਤੇ ਚੱਲੇ ਗਲਤ ਨਹੀਂ ।

ਪਿਛਲੇ ਸਮੇਂ ਇਹ ਵੀ ਵੇਖਣ ਵਿਚ ਆਇਆ ਹੈ ਕਿ ਕੁਝ ਨੌਜਵਾਨਾਂ ਨੇ ਆਪਣੀ ਜ਼ਿੰਦਗੀ ਦੀ ਪਗਡੰਡੀ ਨੂੰ ਨਸੇ ਦੀ ਲਪੇਟ ਵਿੱਚ ਲੈ ਕੇ ਖਤਮ ਕਰ ਲਿਆ ਹੈ । ਉਨ੍ਹਾਂ ਦੇ ਵਿਆਹ ਨਹੀਂ ਹੋ ਰਹੇ ਹਨ ਅਤੇ ਉਨ੍ਹਾਂ ਦੀ ਜ਼ਿੰਦਗੀ ਅਧੂਰੀ ਹੋ ਜਾਂਦੀ ਹੈ । ਇਹ ਵੀ ਇੱਕ ਤਰਾਂ ਨਾਲ ਜਿੰਦਗੀ ਦਾ ਇਹ ਦਸਤੂਰ ਹੈ ਕਿ ਜੋ ਇਨਸਾਨ ਗੁਰਬਾਣੀ ਦੇ ਫਲਸਫੇ ਤੋਂ ਦੂਰ ਹੋ ਜਾਂਦਾ ਹੈ ਉਹ ਟੁੱਟਦਾ ਚਲਿਆ ਜਾਂਦਾ । ਪਿਛਲੇ ਸਮੇਂ ਇਹ ਵੀ ਦੇਖਣ ਵਿੱਚ ਆਇਆ ਹੈ ਕਿ ਜੋ ਨੌਜਵਾਨ ਆਪਣੇ ਮਾਂ-ਪਿਓ ਦੀ ਕਦਰ ਨਹੀਂ ਕਰਦੇ ਉਹ ਰੁੱਲ ਜਾਂਦੇ ਹਨ ਕਿ ਬਹੁਤ ਸਾਰੇ ਨੌਜਵਾਨਾਂ ਦੀ ਸੋਚ ਹੁੰਦੀ ਹੈ ਕਿ ਜ਼ਿੰਦਗੀ ਵਿਚ ਕਿਸੇ ਖਾਸ ਮਰਤਬੇ ਨੂੰ ਪਾ ਕੇ ਨਵੀਂ ਜ਼ਿੰਦਗੀ ਜਿਊਣਾ ਚਾਹੁੰਦੇ ਹਨ । ਪਰ ਕਾਰਨ ਅਜਿਹੇ ਬਣਦੇ ਨੇ ਕਿ ਉਹ ਇਹ ਚਾਹ ਕੇ ਵੀ ਇਸ ਤਰ੍ਹਾਂ ਨਹੀਂ ਕਰ ਸਕਦੇ । ਬਹੁਤ ਸਾਰੇ ਨੌਜਵਾਨ ਆਪਣੇ ਮਾਂ-ਪਿਓ ਦੀ ਸੇਵਾ ਕਰਕੇ ਰੁਤਬਾ ਖੱਟ ਜਾਂਦੇ ਹਨ ਅਤੇ ਜ਼ਿੰਦਗੀ ਦੀਆਂ ਮੰਜਿਲਾਂ ਨੂੰ ਪਾ ਕੇ ਆਪਣਾ ਕੰਮ ਕਰਦੇ ਹਨ । ਪਿਛਲੇ ਦਿਨੀਂ ਇੱਕ ਨੌਜਵਾਨ ਦੀ ਆਪਣੇ ਮਾਂ-ਪਿਉ ਨੂੰ ਧੱਕੇ ਮਾਰਦੇ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਉਸਨੂੰ ਉਸ ਨੂੰ ਲੋਕਾਂ ਨੇ ਲਾਹਣਤਾਂ ਪਾਈਆਂ ਸਨ । ਇਸ ਲਈ ਨੌਜਵਾਨੀ ਨੂੰ ਸਹੀ ਕੰਮ ਕਰਨੇ ਚਾਹੀਦੇ ਹਨ ।

ਕਈ ਨੌਜਵਾਨਾਂ ਵੱਲੋਂ ਆਪਣੇ ਇਰਾਦੇ ਸਦਕਾ ਉੱਚੀ ਮੰਜ਼ਿਲ ਨੂੰ ਪਾ ਕੇ ਵਾਹਵਾ ਖੱਟੀ ਹੈ ਚਾਹੇ ਉਹ ਪੁਲਿਸ ਵਿਭਾਗ ਹੋਵੇ ਜਾਂ ਸਿਆਸਤ ਉਨ੍ਹਾਂ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ ਅਤੇ ਵੱਡੇ ਮਰਤਬੇ ਹਾਸਲ ਕੀਤੇ ਹਨ ਇਹ ਆਪਣੇ ਆਪ ਵਿੱਚ ਬਹੁਤ ਵੱਡੀ ਗੱਲ ਹੈ । ਜ਼ਿੰਦਗੀ ਅੰਦਰ ਸਾਰਿਆਂ ਨੂੰ ਕੁਝ ਨਾ ਕੁਝ ਕਰਨ ਦੀ ਜਰੂਰਤ ਹੁੰਦੀ ਹੈ ਇਸ ਲਈ ਨੌਜਵਾਨ ਵਰਗ ਦੀ ਪਹਿਲ ਹੁੰਦੀ ਹੈ ਕਿ ਉਹ ਜ਼ਿੰਦਗੀ ਅੰਦਰ ਕੁਝ ਹਾਸਲ ਕਰਕੇ ਸਮਾਜ ਨੂੰ ਦੇਣ ਦੇ ਦੇਵੇ । ਕਿਉਂਕਿ ਅੱਜਕਲ੍ਹ ਸਾਡੇ ਸਮਾਜ ਦੀਆਂ ਨੌਜਵਾਨੀ ਤੋਂ ਬਹੁਤ ਵੱਡੀਆਂ ਆਸਾਂ ਹਨ । ਸਿਆਸਤ ਦੇ ਖੇਤਰ ਅੰਦਰ ਨੌਜਵਾਨਾਂ ਨੇ ਵੱਡੀ ਪੱਧਰ ਤੇ ਪੂਰੀਆਂ ਪਾ ਕੇ ਸਮਾਜ ਨੂੰ ਸਹੀ ਰੁਤਬਾ ਬਖਸ਼ਿਆ ਹੈ । ਇਕ ਦਸਤੂਰ ਵੀ ਹੈ ਕਿ ਜੋ ਵਿਅਕਤੀ ਸਮਾਜ ਅਤੇ ਕੁਦਰਤ ਦੀ ਉਲੰਘਣਾ ਕਰਦਾ ਹੈ ਉਹ ਕਦੇ ਵੀ ਪੂਰੀ ਨਹੀਂ ਪਾ ਸਕਦਾ । ਸਮਾਜਕ ਸਰੋਕਾਰਾਂ ਨੂੰ ਧਿਆਨ ਵਿੱਚ ਰੱਖ ਕੇ ਇਹ ਸਾਰਾ ਕੁਝ ਸਹੀ ਹੁੰਦਾ । ਪਰ ਅੱਜ ਦਾ ਨੌਜਵਾਨ ਗਲਤ ਰਸਤੇ ਤੇ ਪੈ ਕੇ ਬਹੁਤ ਕੁਝ ਕਰਨਾ ਲੋਚਦਾ ਹੈ ਜੋ ਵੀ ਕਿਤੇ ਨਾ ਕਿਤੇ ਸਹੀ ਨਹੀਂ ਹੈ । ਨੌਜਵਾਨੀ ਦੀ ਗੱਲ ਕਲਾਕਾਰਾਂ ਦੇ ਆਪਣੇ ਗੀਤਾਂ ਅਤੇ ਸਭਿਆਚਾਰ ਵਿੱਚ ਵੀ ਬਾਖੂਬੀ ਝਲਕਦੀ ਹੈ । ਇਸ ਲਈ ਨੌਜਵਾਨਾਂ ਨੂੰ ਆਪਣੀ ਜ਼ਿੰਦਗੀ ਦੀ ਗੱਲ ਉਸ ਢੰਗ ਨਾਲ ਕਰਨੀ ਬਣਦੀ ਹੈ ਜਿਸ ਦਾ ਰਸਤਾ ਸਿੱਧਾ ਸਹੀ ਮੰਜ਼ਿਲ ਨੂੰ ਜਾਂਦਾ ਹੈ । ਜਵਾਨੀ ਜ਼ਿੰਦਾਬਾਦ ।

# ਬੀਜ ਲਈਏ ਮੋਠ ਬਾਜਰੇ

**-ਜੱਗਾ ਸਿੰਘ ਆਦਮਕੇ**

ਮਨੁੱਖ ਨੂੰ ਜਿਉਂਦੇ ਰਹਿਣ ਲਈ ਖਾਣ ਪਦਾਰਥਾਂ ਦੀ ਲੋੜ ਹੁੰਦੀ ਹੈ। ਜਦੋਂ ਮਨੁੱਖ ਜੰਗਲ ਵਿੱਚ ਹੁੰਦਾ ਸੀ ਤਾਂ ਓਥੋਂ ਕੁਦਰਤੀ ਰੂਪ ਵਿੱਚ ਮਿਲਦੇ ਖਾਣ ਪਦਾਰਥਾਂ ਉੱਤੇ ਨਿਰਭਰ ਸੀ। ਮਨੁੱਖ ਨੇ ਆਪਣੇ ਵਿਕਾਸ ਪੜਾਅ ਨੂੰ ਤੈਅ ਕਰਦਿਆਂ ਸੁਰੱਖਿਆ ਦਾ ਪੱਖ ਮੁੱਖ ਰੱਖ ਕੇ ਆਪਣੇ ਲਈ ਨਿਵਾਸ ਸਥਾਨ ਚੁਣੇ ਅਤੇ ਹੌਲੀ ਹੌਲੀ ਆਪਣੀਆਂ ਖੁਰਾਕੀ ਲੋੜਾਂ ਦੀ ਪੂਰਤੀ ਲਈ ਫਸਲਾਂ ਵਜੋਂ ਖਾਣ ਪਦਾਰਥਾਂ ਦਾ ਉਤਪਾਦਨ ਸ਼ੁਰੂ ਕੀਤਾ। ਮਨੁੱਖ ਲਈ ਫਸਲਾਂ/ ਅਨਾਜ ਪਦਾਰਥਾਂ ਦੀ ਖੁਰਾਕੀ ਜ਼ਰੂਰਤ ਦੇ ਨਾਲ ਸਮਾਂ ਬੀਤਣ ਉੱਤੇ ਇਨ੍ਹਾਂ ਦਾ ਆਰਥਿਕ ਮਹੱਤਵ ਪੈਦਾ ਹੋ ਗਿਆ। ਆਪਣੇ ਬਹੁ ਪੱਖੀ ਮਹੱਤਵ ਕਾਰਨ ਸਬੰਧਤ ਸੱਭਿਆਚਾਰ ਵਿੱਚ ਖੇਤੀ ਅਤੇ ਫਸਲਾਂ ਦਾ ਮਹੱਤਵ ਹੋਣਾ ਲਾਜ਼ਮੀਂ ਸੀ। ਪੰਜਾਬ ਦੀ ਜ਼ਰਖੇਜ਼ ਧਰਤੀ, ਉੱਚਿਤ ਵਾਤਾਵਰਣ, ਰੁੱਤਾਂ, ਵਰਖਾ ਤੇ ਪਾਣੀ ਦੇ ਸਾਧਨ ਲਈ ਦਰਿਆ ਹੋਣ ਕਾਰਨ ਇਹ ਖੇਤੀ ਪ੍ਰਧਾਨ ਖਿੱਤਾ ਰਿਹਾ ਹੈ। ਸੱਭਿਆਚਾਰ ਸਬੰਧਤ ਖਿਤੇ ਦੇ ਸੰਪੂਰਨ ਪੱਖਾਂ ਦਾ ਤਸਵੀਰੀਕਰਨ ਹੁੰਦਾ ਹੈ। ਕੁਝ ਇਸੇ ਤਰ੍ਹਾਂ ਪੰਜਾਬੀ ਸੱਭਿਆਚਾਰ ਵਿੱਚ ਇਸ ਖਿੱਤੇ ਵਿੱਚ ਹੁੰਦੀਆਂ ਫਸਲਾਂ ਦਾ ਵਿਸ਼ੇਸ਼ ਮਹੱਤਵ ਹੈ। ਪੰਜਾਬੀ ਲੋਕ ਸਾਹਿਤ, ਲੋਕ ਬੋਲੀਆਂ, ਲੋਕ ਗੀਤਾਂ ਆਦਿ ਵਿੱਚ ਇਸ ਖਿੱਤੇ ਵਿੱਚ ਹੁੰਦੀਆਂ ਪ੍ਰਮੁੱਖ ਫਸਲਾਂ ਕਪਾਹ, ਮੱਕੀ, ਜਵਾਰ, ਕਣਕ, ਗੁਆਰੇ ਆਦਿ ਨਾਲ ਸਬੰਧਤ ਵੱਖ ਵੱਖ ਪੱਖਾਂ ਦਾ ਵੱਡੇ ਪੱਧਰ ਉੱਤੇ ਵਰਨਣ ਮਿਲਦਾ ਹੈ।

ਪੰਜਾਬ ਵਿੱਚ ਹੁੰਦੀ ਅਜਿਹੀ ਇੱਕ ਫ਼ਸਲ ਬਾਜਰਾ ਹੈ, ਜਿਸਦਾ ਆਪਣੇ ਖੁਰਾਕੀ ਗੁਣਾਂ ਤੇ ਦੂਸਰੇ ਪੱਖਾਂ ਕਾਰਨ ਪੰਜਾਬੀ ਜਨ ਜੀਵਨ, ਸੱਭਿਆਚਾਰ ਵਿੱਚ ਖਾਸ ਮਹੱਤਵ ਹੈ। ਬਾਜਰਾ ਘੱਟ ਵਰਖਾ ਵਾਲੇ, ਰੇਤਲੇ ਤੇ ਗਰਮ ਜਲਵਾਯੂ ਵਾਲੇ ਖੇਤਰਾਂ ਦੀ ਫਸਲ ਹੈ। ਏਸੇ ਕਾਰਨ ਇਹ ਮਾਲਵੇ ਦੀ ਮੁੱਖ ਫਸਲ ਰਹੀ ਹੈ। ਕੁਝ ਅਜਿਹਾ ਹੋਣ ਕਾਰਨ ਇਸ ਖਿੱਤੇ ਵਿੱਚ ਸਰਦੀਆਂ ਵਿੱਚ ਸਰ੍ਹੋਂ ਦੇ ਸਾਗ ਨਾਲ ਬਾਜਰੇ ਦੀ ਰੋਟੀ ਬੜੇ ਸ਼ੌਕ ਨਾਲ ਖਾਧੀ ਜਾਂਦੀ ਸੀ। ਇਸ ਵਿਸ਼ੇਸ਼ਤਾ ਕਾਰਨ ਅੱਜ ਵੀ ਪੰਜਾਬ, ਹਰਿਆਣਾ ਦੇ ਰੇਤਲੇ ਅਤੇ ਖਾਸਕਰ ਰਾਜਸਥਾਨ ਦੇ ਵੱਡੇ ਹਿੱਸੇ ਵਿੱਚ ਸਾਉਣੀ ਦੀ ਫਸਲ ਵਜੋਂ ਬੀਜਿਆ ਜਾਂਦਾ ਹੈ। ਬਾਜਰੇ ਦੀ ਫਸਲ ਆਮ ਕਰਕੇ ਮੀਂਹ ਉੱਤੇ ਨਿਰਭਰ ਹੁੰਦੀ ਹੈ। ਇਸਦੀ ਬਿਜਾਈ ਲਈ ਮੀਂਹ ਦੀ ਉਡੀਕ ਲਾਜ਼ਮੀ ਹੈ। ਇਸਦੇ ਅਜਿਹੇ ਪੱਖ ਦਾ ਵਰਨਣ ਟੱਪਿਆ, ਬੋਲੀਆਂ ਵਿੱਚ ਕੁਝ ਏਦਾਂ ਮਿਲਦਾ ਹੈ:

ਮੀਂਹ ਪਾ ਦੇ ਲਾ ਦੇ ਝੜੀਆਂ,
ਬੀਜ ਲਈਏ ਮੋਠ ਬਾਜਰੇ।

ਬਾਜਰੇ ਦੀ ਫਸਲ ਨੂੰ ਪਾਣੀ ਦੀ ਘੱਟ ਲੋੜ ਕਾਰਨ ਇਹ ਢਲਾਣਦਾਰ ਤੇ ਆਮ ਤੋਂ ਉੱਚੀਆਂ ਜ਼ਮੀਨਾਂ ਵਿੱਚ ਵੀ ਪੂਰੀ ਸਫਲਤਾ ਨਾਲ ਹੁੰਦੀ ਹੈ। ਇਸ ਦੀ ਅਜਿਹੀ ਵਿਸ਼ੇਸ਼ਤਾ ਕਰਕੇ ਵਿਆਹ ਦੇ ਗੀਤਾਂ, ਬੋਲੀਆਂ ਵਿੱਚ ਇਸ ਸਬੰਧੀ ਕੁਝ ਇਸ ਤਰ੍ਹਾਂ ਜ਼ਿਕਰ ਮਿਲਦਾ ਹੈ:

ਕਿੱਥੇ ਬੀਜਿਆ ਬਾਜਰਾ,
ਕਿੱਥੇ ਬੀਜੀ ਜਵਾਰ।
ਉੱਚੇ ਤਾਂ ਬੀਜਿਆ ਬਾਜਰਾ,
ਨੀਵੇਂ ਬੀਜੀ ਜਵਾਰ।

ਬਾਜਰਾ ਸਾਉਣੀ ਦੀ ਫ਼ਸਲ ਹੈ। ਸਾਉਣ ਵਿੱਚ ਤੀਆਂ ਸਮੇਂ ਬਾਜਰਾ ਹਰਾ ਭਰਾ ਅਤੇ ਹੋਂਦ ਵਿਖਾਉਣ ਵਾਲਾ ਹੁੰਦਾ ਹੈ। ਇਸ ਕਰ ਕੇ ਤੀਆਂ ਨਾਲ ਬਾਜਰੇ ਦਾ ਸਬੰਧ ਕੁਝ ਇਸ ਤਰ੍ਹਾਂ ਜੋੜਿਆ ਜਾਂਦਾ ਹੈ:

ਰੁੱਤ ਗਿੱਧੇ ਪਾਉਣ ਦੀ ਆਈ।
ਲੱਕ ਲੱਕ ਹੋਏ ਬਾਜਰੇ।

ਖੁਰਾਕੀ ਮਹੱਤਵ ਦੇ ਨਾਲ ਬਾਜਰਾ ਆਰਥਿਕ ਪੱਖੋਂ ਵੀ ਅਹਿਮ ਫਸਲ ਰਹੀ ਹੈ। ਇਸ ਨੂੰ ਵੇਚ ਕੇ ਕਿਸਾਨ ਆਪਣੀਆਂ ਗੌਂ ਗਰਜਾਂ ਅਤੇ ਕਬੀਲਦਾਰੀ ਦੀਆਂ ਲੋੜਾਂ ਦੀ ਪੂਰਤੀ ਕਰਦਾ ਰਿਹਾ ਹੈ। ਉਸਦੇ ਬਹੁਤ ਸਾਰੇ ਸੁਪਨੇ ਸੱਧਰਾਂ ਇਸ ਫਸਲ ਨਾਲ ਜੁੜੇ ਹੁੰਦੇ ਸਨ। ਕੁਝ ਅਜਿਹਾ ਹੋਣ ਕਾਰਨ ਕਿਸਾਨ ਦੀ ਘਰਵਾਲੀ ਨੂੰ ਆਪਣੇ ਸ਼ੌਕ ਪੂਰੇ ਕਰਨ ਲਈ ਬਾਜਰੇ ਦੀ ਫ਼ਸਲ ਆਉਣ ਦੀ ਉਡੀਕ ਬੜੀ ਬੇਸਬਰੀ ਨਾਲ ਹੁੰਦੀ ਸੀ:

ਰੀਝ ਲੌਂਗ ਦੀ ਦਿਲ ਵਿੱਚ ਮੇਰੇ
ਬਾਜਰੇ ਨੇ ਲਾਈਆਂ ਦੇਰੀਆਂ।

ਜਦੋਂ ਬਾਜਰੇ ਦੇ ਸਿੱਟਿਆਂ ਵਿੱਚ ਦਾਣੇ ਪੈਣੇ ਸ਼ੁਰੂ ਹੁੰਦੇ ਤਾਂ ਇਸ ਉੱਪਰ ਚਿੜੀਆਂ, ਤੋਤਿਆਂ ਦੇ ਹਮਲੇ ਸ਼ੁਰੂ ਹੋ ਜਾਂਦੇ। ਕਿਸਾਨਾਂ ਵੱਲੋਂ ਬਾਜਰੇ ਦੀ ਰਾਖੀ ਲਈ ਉਸ ਦੇ ਵਿਚਕਾਰ ਮਣ੍ਹਾ ਬਣਾਇਆ ਜਾਂਦਾ। ਇਸ ਉੱਪਰ ਚੜ੍ਹ ਕੇ ਕਿਸਾਨ ਬਾਜਰੇ ਦੀ ਰਖਵਾਲੀ ਕਰਦੇ। ਇਸ ਦੇ ਨਾਲ ਗੋਪੀਆ ਵੀ ਉਸਦਾ ਇਸ ਸਮੇਂ ਖਾਸ ਹਥਿਆਰ ਹੁੰਦਾ। ਅਜਿਹੇ ਪੱਖਾਂ ਦਾ ਵੀ ਲੋਕ ਬੋਲੀਆਂ, ਗੀਤਾਂ ਵਿੱਚ ਵਰਨਣ ਕੁਝ ਇਸ ਤਰ੍ਹਾਂ ਮਿਲਦਾ ਹੈ:

ਸਾਉਣ ਮਹੀਨੇ ਮੀਂਹ ਪੈ ਗਿਆ,
ਹਲ਼ ਜੋੜ ਕੇ ਜਾਈਂ।
ਦਸ ਘੁੰਮਾ ਵਾਹਣ ਆਪਣਾ,
ਬਾਜਰਾ ਬੀਜ ਕੇ ਆਈਂ।
ਨੱਕਿਆਂ ਦਾ ਤੂੰ ਫਿਕਰ ਨਾ ਕਰੀਂ,
ਨੱਕੇ ਮੋੜੂੰ ਮੈਂ ਤੜਕੇ।
ਵੀਰ ਨੂੰ ਵੀਰ ਮਿਲੇ,
ਵੱਟ ਉੱਤੇ ਗੋਪੀਆ ਧਰ ਕੇ।

ਸਹੀ ਰਖਵਾਲੀ ਨਾ ਕਰਨ ਵਾਲੇ ਕਿਸਾਨ ਦੇ ਬਾਜਰੇ ਨੂੰ ਚਿੜੀਆਂ ਤੇ ਦੂਸਰੇ ਪੰਛੀ ਕਾਫੀ ਨੁਕਸਾਨ ਪੁਚਾਉਂਦੇ ਹਨ। ਅਜਿਹੇ ਪੱਖ ਨੂੰ ਵੀ ਲੋਕ ਬੋਲੀਆਂ, ਗੀਤਾਂ, ਟੱਪਿਆਂ ਵਿੱਚ ਕੁਝ ਇਸ ਤਰ੍ਹਾਂ ਪੇਸ਼ ਕੀਤਾ ਮਿਲਦਾ ਹੈ:

ਚਿੜੀਆਂ ਤਾਂ ਚੁਗਿਆ ਬਾਜਰਾ
ਕਾਵਾਂ ਨੇ ਖਾਧੀ ਜੀ ਜਵਾਰ।

ਬਾਜਰੇ ਦੀ ਸੰਭਾਲ ਨਾਲ ਸਬੰਧਤ ਦੂਸਰੇ ਪੱਖਾਂ ਦੇ ਨਾਲ ਪੰਛੀਆਂ ਤੋਂ ਰਖਵਾਲੀ ਵੀ ਜ਼ਰੂਰੀ ਹੁੰਦੀ ਸੀ। ਬਾਜਰੇ ਦੀ ਰਖਵਾਲੀ ਲਈ ਕਿਸਾਨ ਆਪਣੇ ਪਰਿਵਾਰਿਕ ਮੈਂਬਰਾਂ ਦੀ ਮਦਦ ਵੀ ਲੈਂਦਾ, ਪਰ ਕਈ ਵਾਰ ਕਿਸੇ ਕਿਸਾਨ ਦੀ ਪਤਨੀ ਵੱਲੋਂ ਅਜਿਹਾ ਨਾ ਕਰਨ ਦਾ ਕਾਰਨ ਕੁਝ ਇਸ ਤਰ੍ਹਾਂ ਦੱਸ ਕੇ ਜਵਾਬ ਦਿੱਤਾ ਜਾਂਦਾ:-

ਤੇਰੇ ਬਾਜਰੇ ਦੀ ਰਾਖੀ,
ਅੜਿਆ ਮੈਂ ਨਾ ਬਹਿੰਦੀ ਵੇ।
ਜੇ ਤਾੜੀ ਮਾਰ ਉਡਾਵਾਂ,
ਮੇਰੀ ਮਹਿੰਦੀ ਲਹਿੰਦੀ ਵੇ।

ਲੋਕ ਗੀਤਾਂ, ਲੋਕ ਬੋਲੀਆਂ ਵਿੱਚ ਅਨੇਕਾਂ ਪੱਖਾਂ ਤੋਂ ਬਾਜਰੇ ਦਾ ਵਰਨਣ ਹੈ। ਪ੍ਰਤੀਕਾਤਮਕ ਰੂਪ ਵਿੱਚ ਬਾਜਰੇ ਦਾ ਜ਼ਿਕਰ ਗੀਤਾਂ ਬੋਲੀਆਂ ਵਿੱਚ ਕੁਝ ਇਸ ਤਰ੍ਹਾਂ ਆਉਂਦਾ ਹੈ:

ਮੇਰਾ ਬਾਜਰਾ ਭੈਣੋ
ਨੀਂ ਰਾਤੀਂ ਰੰਗ ਮਹੱਲ ਖਿੜਿਆ।
ਜਿਹੜੀ ਕੀੜੀਓ ਛੰਡਣ ਲੱਗੀ
ਉੱਡ ਉੱਡ ਨਾਸੀਂ ਚੜ੍ਹਿਆ।

ਬਾਜਰੇ ਦੀ ਪੰਛੀਆਂ ਤੋਂ ਰਖਵਾਲੀ ਲਈ ਬਣਾਏ ਮਣ੍ਹੇ ਉੱਤੇ ਬੈਠਣ ਦਾ ਆਪਣਾ ਆਨੰਦ ਸੀ। ਰਖਵਾਲੀ ਦੇ ਨਾਲ ਮਣ੍ਹਾ ਉੱਪਰ ਬੈਠ ਕੇ ਨਜ਼ਾਰੇ ਮਾਨਣ ਦਾ ਜ਼ਰੀਆ ਵੀ ਸਾਬਤ ਹੁੰਦਾ। ਉਸ ਉਤੇ ਬੈਠਣ ਵਾਲਿਆ ਦੇ ਨਾਲ ਗੱਲਾਂ ਬਾਤਾਂ ਵਿੱਚ ਕਬੀਲਦਾਰੀ ਵਰਗੇ ਗੰਭੀਰ ਵਿਸ਼ਿਆਂ ਦੇ ਨਾਲ ਪ੍ਰਸੰਸਾ, ਸਿਫਤਾਂ ਵਰਗੇ ਪੱਖ ਭਾਰੂ ਰਹਿੰਦੇ। ਅਜਿਹੇ ਪੱਖ ਦਾ ਵਰਨਣ ਲੋਕ ਗੀਤਾਂ, ਲੋਕ ਬੋਲੀਆਂ ਵਿੱਚ ਪੇਸ਼ ਕੀਤਾ ਕੁਝ ਇਸ ਤਰ੍ਹਾਂ ਮਿਲਦਾ ਹੈ:

ਬਾਜਰਾ ਤਾਂ ਸਾਡਾ ਜਵਾਨ ਹੋ ਗਿਆ
ਜਾਵੇ ਮੂੰਗੀ ਵੀ ਫਲਦੀ।
ਪਹਿਨ ਪੱਚਰ ਕੇ ਰਾਖੀ ਨੂੰ ਆਈ
ਠੁਮਕ ਠੁਮਕ ਪੱਬ ਵੱਟਾਂ ਉੱਤੇ ਧਰਦੀ।
ਸਿਫਤਾਂ ਢੋਲ ਦੀਆਂ,
ਬੈਠ ਮਣ੍ਹੇ ਉੱਤੇ ਕਰਦੀ।

ਬਾਜਰਾ ਆਰਥਿਕ ਮਹੱਤਵ ਦੇ ਨਾਲ ਕਾਰਬੋਹਾਈਡ੍ਰੇਟ, ਮੈਗਨੀਸ਼ੀਅਮ, ਕੈਲਸ਼ੀਅਮ, ਮੈਗਨੀਜ਼, ਫਾਸਫੋਰਸ, ਫਾਈਬਰ, ਵਿਟਾਮਿਨ, ਐਂਟੀਆਕਸਾਈਡ ਵਰਗੇ ਪੋਸ਼ਕ ਤੱਤਾਂ ਅਤੇ ਸੂਖਮ ਤੱਤਾਂ ਨਾਲ ਭਰਪੂਰ ਹੁੰਦਾ ਹੈ। ਬਾਜਰਾ ਸ਼ੂਗਰ, ਦਿਲ ਦੇ ਰੋਗਾਂ ਤੋਂ ਲਾਭਕਾਰੀ, ਹੱਡੀਆਂ ਨੂੰ ਮਜ਼ਬੂਤ ਕਰਦਾ, ਪਾਚਨ ਸ਼ਕਤੀ ਵਧਾਉਂਦਾ, ਖ਼ੂਨ ਦੀ ਕਮੀ ਪੂਰੀ ਕਰਦਾ ਹੈ। ਤਾਜ਼ਾ ਖੋਜਾਂ ਅਨੁਸਾਰ ਬਾਜਰਾ ਕੈਂਸਰ ਰੋਗ ਤੋਂ ਬਚਾਅ ਲਈ ਵੀ ਉਪਯੋਗੀ ਮੰਨਿਆ ਗਿਆ ਹੈ। ਇਸ ਦੇ ਨਾਲ ਬਾਜਰੇ ਦੇ ਸਿੱਟੇ ਵੱਢਣ ਪਿੱਛੋਂ ਬਾਕੀ ਦੇ ਟਾਂਡੇ ਪਸ਼ੂਆਂ ਦੀ ਚੰਗੀ ਖੁਰਾਕ ਹਨ। ਇਨ੍ਹਾਂ ਨੂੰ ਪਸ਼ੂਆਂ ਦੇ ਹਰੇ ਚਾਰੇ ਵਜੋਂ ਵਰਤਣ ਦੇ ਨਾਲ ਸੁਕਾ ਕੇ ਚਾਰੇ ਵਜੋਂ ਵੀ ਵਰਤਿਆ ਜਾਂਦਾ ਹੈ। ਬਾਜਰੇ ਦੇ ਸਿੱਟੇ, ਤੂਤੜਾਂ, ਟਾਂਡੇ ਆਦਿ ਦਾ ਵੱਖ ਵੱਖ ਤਰੀਕਿਆਂ ਨਾਲ ਵਰਨਣ ਬਾਤਾਂ, ਬੁਝਾਰਤਾਂ, ਲੋਕਗੀਤਾਂ, ਲੋਕ ਸਾਹਿਤ ਆਦਿ ਵਿੱਚ ਮਿਲਦਾ ਹੈ।

# ਇਨਸਾਨ ਗੁੱਸੇ ਦਾ ਸ਼ਿਕਾਰ



ਅੱਜ ਹਰ ਇਨਸਾਨ ਗੁੱਸੇ ਦਾ ਸ਼ਿ ?ਕਾਰ ਹੈ। ।ਕਈ ਵਾਰ ਛੋਟੀ ਛੋਟੀ ਗੱਲਾਂ ਤੇ ਗੁੱਸਾ ਕਰਕੇ ਇਨਸਾਨ ਦੀ ਮਾਨਸਿਕ ਤੇ ਸਰੀਰਕ ਸਿਹਤ ਤੇ ਮਾੜਾ ਅਸਰ ਪੈਦਾ ਹੈ। ਜੇ ਅੱਜ ਰੋਜ -ਮਰਾ ਦੀ ਜ਼ਿੰਦਗੀ ਵਿੱਚ ਝਾਤੀ ਮਾਰੀਏ ਤਾਂ ਨਿੱਕੀਆਂ ਨਿੱਕੀਆਂ ਗੱਲਾਂ ਤੇ ਗੁੱਸਾ ਕਰ ਲੈਂਦੇ ਹਾਂ। ਗੁੱਸੇ ਕਾਰਨ ਆਪਣੇ ਰਿਸਤੇਦਾਰਾਂ ਨਾਲ ਦੂਰੀਆਂ ਵੱਧ ਜਾਂਦੀਆਂ ਹਨ। ਗੁੱਸਾ ਅਜਿਹੀ ਗਲਤੀ ਹੈ ਜਿਸ ਨਾਲ ਮਨੁੱਖ ਆਪ ਤਾਂ ਪਰੇਸਾਨ ਹੁੰਦਾ ਹੈ, ਗੁੱਸੇ ਦੀ ਬਲਦੀ ਅੱਗ ਵਿਚ ਸੜਦਾ ਹੈ। ਕਈ ਵਾਰ ਤਾਂ ਮਾਹੌਲ ਅਜਿਹਾ ਸਿਰਜ ਜਾਂਦਾ ਹੈ ਕਿ ਸਾਹਮਣੇ ਵਾਲਾ ਵੀ ਪ੍ਰੇਸਾਨ ਹੋ ਜਾਂਦਾ ਹੈ। ਗੁੱਸਾ ਅਕਲ ਨੂੰ ਖਾ ਜਾਂਦਾ ਹੈ। ਅਸੀਂ ਸਮਾਜ ਵਿਚ ਵਿਚਰਦੇ ਹਾਂ ।ਕਈ ਅਜਿਹੇ ਇਨਸਾਨ ਹੁੰਦੇ ਹਨ ਜਿਨ੍ਹਾਂ ਨੂੰ ਛੋਟੀ-ਛੋਟੀ ਗੱਲਾਂ ਤੇ ਹੀ ਗੁੱਸਾ ਆ ਜਾਂਦਾ ਹੈ। ਅਜਿਹੇ ਇਨਸਾਨਾਂ ਵਿੱਚ ਬਰਦਾਸਤ ਸਕਤੀ ,ਨਿਮਰਤਾ, ਸਹਿਣਸੀਲਤਾ ਬਿਲਕੁੱਲ ਵੀ ਨਹੀਂ ਹੁੰਦੀ ਹੈ ।ਘਰ ਦਾ ਮਾਹੌਲ ਵੀ ਨਰਕ ਬਣਾ ਲੈਂਦੇ ਹਨ। ਪਤਾ ਨਹੀਂ ਇਨਸਾਨ ਗੁੱਸੇ ਵਿੱਚ ਆ ਕੇ ਕੀ-ਕੀ ਬੋਲ ਦਿੰਦਾ ਹੈ ?ਰਿਸਤੇ ਕਈ ਵਾਰ ਟੁੱਟਣ ਦੀ ਕਗਾਰ ਤੱਕ ਪੁੱਜ ਜਾਂਦੇ ਹਨ। ਸਿਆਣੇ ਅਕਸਰ ਕਹਿੰਦੇ ਹਨ ਕਿ ਤਲਵਾਰ ਦਾ ਜਖਮ ਤਾਂ ਭਰ ਜਾਂਦਾ ਹੈ, ਪਰ ਜਬਾਨੋਂ ਨਿਕਲੇ ਬੋਲ ਕਦੇ ਵੀ ਦੂਰੀਆਂ ਨੂੰ ਮਿਟਾ ਨਹੀਂ ਸਕਦੇ ।ਜਦੋਂ ਰਿਸਤਾ ਟੁੱਟ ਜਾਂਦਾ ਹੈਂ ਫਿਰ ਪਛਤਾਉਣ ਦਾ ਕੋਈ ਫਾਇਦਾ ਨਹੀਂ ਹੁੰਦਾ ।ਫਿਰ ਇਨਸਾਨ ਨੂੰ ਬਹੁਤ ਬੁਰਾ ਲਗਦਾ ਹੈ, ਕਿ ਮੈਂ ਗੁੱਸੇ ਵਿਚ ਇਹ ਕੀ ਕਰ ਦਿੱਤਾ ਹੈ। ਕਈ ਇਨਸਾਨ ਇੰਨੇ ਸਹਿਣਸੀਲ ਹੁੰਦੇ ਹਨ ਕਿ ਜੇ ਗੁੱਸੇ ਵਿੱਚ ਉਨ੍ਹਾਂ ਨੂੰ ਕੋਈ ਕੁਝ ਕਹਿ ਰਿਹਾ ਹੁੰਦਾ ਹੈ ਤਾਂ ਉਹ ਬਿਲਕੁਲ ਵੀ ਅੱਗੋਂ ਜਵਾਬ ਤੱਕ ਨਹੀਂ ਦਿੰਦੇ ਹਨ। ਅੱਜ ਦੇ ਸਮੇਂ ਵਿੱਚ ਜੇ ਬੱਚਿਆਂ ਦੀ ਗੱਲ ਕਰੀਏ ਤਾਂ ਉਹਨਾਂ 'ਚ ਬਰਦਾਸਤ ਸਕਤੀ ਬਿਲਕੁਲ ਵੀ ਨਹੀਂ ਹੈ। ਮਾਂ ਬਾਪ ਨੇ ਆਪਣੇ ਬੱਚਿਆਂ ਨੂੰ ਟੋਕਣਾ ਤਾਂ ਹੈ,ਜੇ ਉਹ ਗਲਤ ਚੱਲ ਰਹੇ ਹਨ। ਮਾਂ ਬਾਪ ਦੀਆਂ ਝਿੜਕਾਂ ਤੱਕ ਬਰਦਾਸਤ ਨਹੀਂ ਕਰਦੇ। ਗੁੱਸੇ ਵਿਚ ਆ ਕੇ ਕੋਈ ਅਜਿਹਾ ਕਦਮ ਚੁੱਕ ਲੈਂਦੇ ਹਨ ਫਿਰ ਸਾਰੀ ਜਿੰਦਗੀ ਦਾ ਪਸਤਾਵਾ ਰਹਿ ਜਾਂਦਾ ਹੈ।

ਜੇ ਪਰਿਵਾਰਾਂ ਦੀ ਗੱਲ ਕਰੀਏ ਤਾਂ ਪਰਿਵਾਰਾਂ ਵਿੱਚ ਛੋਟੀ-ਛੋਟੀ ਗੱਲਾਂ ਨੂੰ ਲੈ ਕੇ ਤਕਰਾਰ ਹੋ ਜਾਂਦਾ ਹੈ। ਕਈ ਵਾਰ ਪਰਿਵਾਰ ਵਿੱਚ ਅਜਿਹਾ ਮੈਂਬਰ ਹੁੰਦਾ ਹੈ ਜੋ ਛੋਟੀ ਛੋਟੀ ਗੱਲ ਤੇ ਲੜਾਈ ਝਗੜਾ ਕਰਨ ਨੂੰ ਤਿਆਰ ਹੋ ਜਾਂਦਾ ਹੈ। ਅਜਿਹੇ ਇਨਸਾਨ ਵਿੱਚ ਪਿਆਰ, ਸਤਿਕਾਰ, ਨਿਮਰਤਾ ਤਾਂ ਬਿਲਕੁਲ ਵੀ ਨਹੀਂ ਹੁੰਦੀ। ਆਪਣੀ ਹੀ ਅੱਗ ਵਿਚ ਸੜਦਾ ਰਹਿੰਦਾ ਹੈ। ਭੈੜੀ ਸਕਲ ਦੇਖਣ ਨੂੰ ਦਿਲ ਨਹੀਂ ਕਰਦਾ। ਕਈ ਵਾਰ ਘਰਾਂ ਵਿੱਚ ਸਵੇਰੇ ਸਵੇਰੇ ਤਕਰਾਰ ਤੱਕ ਹੋ ਜਾਂਦਾ ਹੈ, ਕਿ ਫਲਾਣੀ ਚੀਜ ਕਿੱਥੇ ਹੈ ਜਾਂ ਮੇਰਾ ਬੈਗ ਕਿੱਥੇ ਹੈ। ਛੋਟੀ ਗੱਲ ਪਿੱਛੇ ਹੀ ਘਰ ਦਾ ਮਾਹੌਲ ਨਰਕ ਬਣ ਜਾਂਦਾ ਹੈ। ਜੇ ਸਵੇਰੇ ਹੀ ਘਰ ਵਿੱਚ ਗੁੱਸੇ ਨਾਲ ਲੜਾਈ ਝਗੜਾ ਹੋ ਜਾਂਦਾ ਹੈ ਤੇ ਸਾਰਾ ਦਿਨ ਹੀ ਉਦਾਸ ਨਿਕਲਦਾ ਹੈ। ਦਫਤਰਾਂ ਵਿੱਚ ਵੀ ਇੱਕ ਦੋ ਅਜਿਹੇ ਬੰਦੇ ਹੁੰਦੇ ਹਨ ਜਿਨ੍ਹਾਂ ਵਿੱਚ ਬਰਦਾਸਤ ਸਕਤੀ ਬਿਲਕੁਲ ਵੀ ਨਹੀਂ ਹੁੰਦੀ ਹੈ। ਜੇ ਕੰਮ ਸਮੇਂ ਤੇ ਟੇਬਲ ਤੇ ਕਰਕੇ ਨਹੀਂ ਪੁੱਜਿਆ ਜਾਂ ਕਈ ਵਾਰ ਛੋਟੀ ਛੋਟੀ ਗੱਲ ਤੇ ਹੀ ਦਫਤਰ ਵਿੱਚ ਤੂਫਾਨ ਖੜਾ ਕਰ ਦਿੰਦੇ ਹਨ। ਅਜਿਹੇ ਇਨਸਾਨ ਨੂੰ ਫਿ ?ਰ ਦਫਤਰ ਵਿੱਚ ਵੀ ਕੋਈ ਪਸੰਦ ਨਹੀਂ ਕਰਦਾ ਹੈ ।ਦੁੱਖ ਵਿੱਚ ਕੋਈ ਕੋਲ ਤੱਕ ਵੀ ਨਹੀ ਖੜਦਾ। ਕਈ ਵਾਰ ਅਜਿਹੇ ਇਨਸਾਨ ਅਜਿਹੀ ਗੰਦੀ ਸਬਦਾਂ ਦੀ ਵਰਤੋਂ ਕਰਦਾ ਹੈ ਕਿ ਸਾਹਮਣੇ ਵਾਲੇ ਦਾ ਦਾ ਮਰਨਾ ਹੋ ਜਾਂਦਾ ਹੈ। ਫਿਰ ਅਜਿਹੇ ਬੰਦੇ ਦੀ ਕੋਈ ਵੀ ਇੱਜਤ ਨਹੀਂ ਕਰਦਾ। ਕਿਤੇ ਪੜ੍ਹਿਆ ਸੀ ਕਿ ਇੱਕ ਇਨਸਾਨ ਕਿਤਾਬ ਪੜ੍ਹ ਰਿਹਾ ਸੀ, ਉਸ ਕਿਤਾਬ ਦਾ ਨਾਮ ਸੀ "ਸਹਿਣਸੀਲਤਾ" ।ਉਸ ਇਨਸਾਨ ਦੀ ਘਰਵਾਲੀ ਨੇ ਉਸ ਨੂੰ ਕਿਹਾ ਕਿ ਤੁਸੀ ਨਾਸਤਾ ਕਰ ਲਓ। ਜਦੋਂ ਪੰਦਰਾਂ ਕੁ ਮਿੰਟ ਹੋ ਗਏ , ਫਿਰ ਪਤਨੀ ਨੇ ਕਿਹਾ ਕਿ ਤੁਸੀ ਨਾਸਤਾ ਕਰ ਲਓ। ਗੁੱਸੇ ਵਿਚ ਆ ਕੇ ਪਤੀ ਨੇ ਉਹ ਕਿਤਾਬ ਪਤਨੀ ਦੇ ਸਿਰ ਵਿੱਚ ਮਾਰੀ। ਵਿਚਾਰਨ ਵਾਲੀ ਗੱਲ ਹੈ ਕਿ ਕਿਤਾਬ ਤਾਂ ਤੁਸੀਂ ਸਹਿਣਸੀਲਤਾ ਵਾਲੀ ਪੜ੍ਹ ਰਹੇ ਹੋ ,ਕਿ ਤੁਹਾਡੇ ਅੰਦਰ ਸਹਿਣਸੀਲਤਾ ਹੈ ? ਪਿਆਰ ਹੈ ?

ਚਲੋ ਜੇ ਮਾੜਾ ਮੋਟਾ ਗੁੱਸਾ ਆ ਵੀ ਜਾਂਦਾ ਹੈ, ਤਾਂ ਉਸ ਦੇ ਕੰਟ੍ਰੋਲ ਕਰੋ। ਬਾਹਰ ਨਿਕਲ ਜਾਓ ।ਚੰਗੀ ਕਿਤਾਬ ਪੜ੍ਹੋ। ਪਾਰਕ ਵਿਚ ਸੈਰ ਕਰੋ। ਜਿਸ ਵੀ ਧਾਰਮਿਕ ਸਥਾਨ ਤੇ ਤੁਸੀ ਜਾਂਦੇ ਹੋ, ਉਸ ਦਾ ਸਿਮਰਨ ਕਰੋ ।ਪਰਮਾਤਮਾ ਦਾ ਸੁਕਰਗੁਜਾਰ ਕਰੋ। ਨਕਰਾਤਮਕ ਵਿਚਾਰਾਂ ਨੂੰ ਆਪਣੇ ਨੇੜੇ ਨਾ ਢੁੱਕਣ ਦਿਓ। ਕਸਰਤ ਕਰੋ। ਗੁੱਸੇ ਤੇ ਕੰਟਰੋਲ ਕਰਨਾ ਬਹੁਤ ਵੱਡੀ ਚੁਣੌਤੀ ਹੁੰਦੀ ਹੈ। ਹਾਸੀ ਮਜਕ ਦੀ ਵਰਤੋਂ ਕਰੋ। ਬੋਲਣ ਤੋ ਪਹਿਲਾ ਸੋਚੋ। ਮਾਫ ਕਰਨਾ ਇੱਕ ਬਹੁਤ ਵੱਡਾ ਸਾਧਨ ਹੈ। ਸਿਆਣੇ ਕਹਿੰਦੇ ਵੀ ਹਨ ਕਿ ਗਲਤੀ ਕਰਨ ਨਾਲੋਂ ਮਾਫ ਕਰਨ ਵਾਲਾ ਵੱਡਾ ਹੁੰਦਾ ਹੈ। ਸੋ ਸਾਨੂੰ ਜਿਹੋ ਮਰਜੀ ਹਾਲਾਤ ਹੋਣ, ਆਪਣੇ ਗੁੱਸੇ ਤੇ ਕੰਟਰੋਲ ਕਰਨਾ ਚਾਹੀਦਾ ਹੈ।

**ਸੰਜੀਵ ਸਿੰਘ ਸੈਣੀ, ਮੋਹਾਲੀ** 7888966168

## ਆਓ , ਕੁਝ ਜਾਣੀਏ

0) ਬਾਬਰ ਦੀ ਆਤਮ-ਕਥਾ ਦਾ ਨਾਮ " ਤੁਜਕ-ਏ-ਬਾਬਰੀ" ਹੈ।

0) ਜਹਾਂਗੀਰ ਦੀ ਆਤਮ-ਕਥਾ ਦਾ ਨਾਮ " ਤੁਜਕ-ਏ-ਜਹਾਂਗੀਰੀ " ਹੈ।

0) ਰਾਜਾ ਟੋਡਰ ਮੱਲ ਅਕਬਰ ਦੇ ਸਭ ਤੋਂ ਮਹਾਨ ਦਰਬਾਰੀਆਂ ਵਿੱਚੋਂ ਇੱਕ ਸੀ ।

0) ਪਾਨੀਪਤ ਦੀ ਪਹਿਲੀ ਲੜਾਈ 21 ਅਪ੍ਰੈਲ 1521ਈ: ਨੂੰ ਹੋਈ।

0) ਸ਼ਾਹਜਹਾਂ ਦੀਆਂ ਇਮਾਰਤਾਂ ਵਿੱਚੋਂ ਸਭ ਤੋਂ ਸੁੰਦਰ ਆਗਰੇ ਦਾ ਤਾਜ ਮੁਹੱਲ ਸੀ।

0) 'ਅਕਬਰਨਾਮਾ' ਪੁਸਤਕ ਅਬੁਲ ਫਜਲ ਨੇ ਲਿਖੀ ਸੀ।

0) ਸਾਂਚੀ ਸਤੂਪ ਭਾਰਤ ਦੇ ਮੱਧ ਪ੍ਰਦੇਸ਼ ਰਾਜ ਵਿਖੇ ਸਥਿਤ ਹੈ ।

0) ਔਰੰਗਜ਼ੇਬ ਦੀ ਮੌਤ 1707 ਈ: ਵਿੱਚ ਹੋਈ ਸੀ।

0) 'ਦੀਨ-ਏ-ਇਲਾਹੀ' ਦੀ ਸਥਾਪਨਾ ਅਕਬਰ ਬਾਦਸ਼ਾਹ ਨੇ ਕੀਤੀ ਸੀ।

0) ਮੁਗਲ ਸਮਰਾਟ ਜਹਾਂਗੀਰ ਦਾ ਮਕਬਰਾ ਲਾਹੌਰ ਵਿਖੇ ਸਥਿਤ ਹੈ।

0) ਰਾਜਗੱਦੀ ਤੇ ਬੈਠਣ ਸਮੇਂ ਅਕਬਰ ਬਾਦਸ਼ਾਹ ਦੀ ਉਮਰ 13 ਸਾਲ ਦੇ ਲੱਗਭਗ ਸੀ।

0) ਸ਼ਿਵਾ ਜੀ ਦੀ ਮਾਤਾ ਦਾ ਨਾਮ ਜੀਜਾ ਬਾਈ ਸੀ।

0) ਫਤਿਹਪੁਰ ਸੀਕਰੀ ਦਾ ਨਿਰਮਾਣ ਅਕਬਰ ਬਾਦਸ਼ਾਹ ਨੇ ਕਰਵਾਇਆ ਸੀ

0) ਮਹਾਂਭਾਰਤ ਦੀ ਰਚਨਾ ਰਿਸ਼ੀ ਵੇਦ ਵਿਆਸ ਨੇ ਕੀਤੀ ਸੀ।

0) ਅਹਿਮਦਸ਼ਾਹ ਅਬਦਾਲੀ ਕਾਬਲ ਦਾ ਬਾਦਸ਼ਾਹ ਸੀ।

0) ਮੁਗਲਾਂ ਦੀ ਦਰਬਾਰੀ ਭਾਸ਼ਾ ਫਾਰਸੀ ਸੀ।

0) ਅਕਬਰ ਬਾਦਸ਼ਾਹ ਦੇ ਦਾਦੇ ਦਾ ਨਾਮ ਬਾਬਰ ਸੀ।

0) ਹਜ਼ਰਤ ਮੁਹੰਮਦ ਦਾ ਜਨਮ ਸੰਨ 570 ਈਸਵੀ ਵਿੱਚ ਹੋਇਆ।

**ਵਲੋਂ :-- ਪਰਮਜੀਤ ਸਿੰਘ ਮਾਸਟਰ ਸਰਕਾਰੀ ਸੰਕੈਡਰੀ ਸਕੂਲ ਵਡਾਲੀ ਗੁਰੂ ।**

# ਵਿਅੰਗ, ਖਬਰ-ਪਾੜ੍ਹੇ ਬਨਾਮ ਖਬਰ-ਟਪਾਰੇ

**-ਨੂਰ ਸੰਤੋਖਪੁਰੀ**

ਅਹਾ ! ਉਹ ਵੀ ਇੱਕ ਵਕਤ ਹੁੰਦਾ ਸੀ, ਜਦੋਂ ਟੀ ਵੀ ਸਟੂਡੀਓ ਦੇ ਅੰਦਰ ਬੈਠਾ ਨਿਊਜ਼ ਰੀਡਰ ਬੜੇ ਠਰ੍ਹੰਮੇ ਤੇ ਸਹਿਜਤਾ ਨਾਲ ਖਬਰਾਂ ਸਰੋਤਿਆਂ ਭਾਵ ਦਰਸ਼ਕਾਂ ਨੂੰ ਸੁਣਾਇਆ ਕਰਦਾ ਸੀ ਅਤੇ ਸਰੋਤੇ ਭਾਵ ਦਰਸ਼ਕ ਚੁੱਪਚਾਪ ਮੰਜੀਆਂ ਅਤੇ ਮੂੜ੍ਹਿਆਂ ਆਦਿ ਉੱਤੇ ਬੈਠੇ ਇੰਞ ਖਬਰਾਂ ਸੁਣਿਆ ਕਰਦੇ ਸਨ, ਜਿਵੇਂ ਉਹ ਕਿਸੇ ਸਾਧੂ-ਸੰਤ ਦੇ ਮੂੰਹੋਂ ਅਨਮੋਲ ਵਚਨ ਸੁਣਦੇ ਹੋਣ। ਭਾਵੇਂ ਕਿਸੇ ਥਾਂ ਹੜ੍ਹ ਆ ਗਿਆ ਜਾਂ ਸੋਕਾ ਪੈ ਗਿਆ ਹੋਵੇ, ਕਿਤੇ ਅਗਜ਼ਨੀ (ਸਾੜਫੂਕ) ਦੀ ਵਾਰਦਾਤ ਹੋਈ ਹੋਵੇ ਜਾਂ ਭੂਚਾਲ ਆ ਗਿਆ ਹੋਵੇ, ਨਿਊਜ਼ ਰੀਡਰ ਇੱਕੋ ਜਿਹੇ ਲਹਿਜ਼ੇ ਨਾਲ ਖਬਰਾਂ ਸੁਣਾ ਦਿੰਦਾ ਸੀ। ਉਹ ਸਿੱਧਾ ਕੈਮਰੇ ਵੱਲ ਯਾਨੀ ਦਰਸ਼ਕਾਂ ਵੱਲ ਵੇਖਦਾ ਸੀ। ਆਪਣੇ ਅੱਗੇ ਪਏ ਨੋਟਸ ਵੱਲ ਘੱਟ ਵੇਖਦਾ ਹੁੰਦਾ ਸੀ। ਉਦੋਂ ਟੈਲੀ-ਪ੍ਰਾਂਪਟਰ ਨਹੀਂ ਹੁੰਦਾ ਸੀ। ਨਿਊਜ਼ ਰੀਡਰ ਕੁਰਸੀ ਉੱਤੇ ਅਡੋਲ ਬੈਠਾ (ਉਹਦੇ ਸਿਰਫ ਬੁੱਲ, ਹਿਲਦੇ ਅਤੇ ਅੱਖਾਂ ਦੀਆਂ ਪਲਕਾਂ ਝਪਕ ਹੁੰਦੀਆਂ) ਪੂਰੇ ਪੰਦਰਾਂ ਮਿੰਟ ਖਬਰਾਂ ਸੁਣਾਉਂਦਾ। ਨੱਚਣ ਵਾਲਿਆਂ ਵਾਂਗ ਲੱਤਾਂ-ਬਾਹਾਂ ਨਾ ਹਿਲਾਉਂਦਾ। ਹਾਲ-ਦੁਹਾਈ ਪਾਉਣ ਵਾਲੇ ਅੰਦਾਜ਼ ਵਿੱਚ ਚੀਕ-ਚੀਕ ਕੇ ਇੱਕ ਵੀ ਖਬਰ ਨਾ ਸੁਣਾਉਂਦਾ। ਸ਼ਾਂਤ ਚਿੱਤ ਇੰਨਾ ਹੁੰਦਾ ਕਿ ਨੱਕ ਉੱਤੇ ਮੱਖੀ ਬਹਿ ਜਾਣ ਉੱਤੇ ਹੱਥ ਚੁੱਕ ਕੇ ਉਸ ਨੂੰ ਨਾ ਉਡਾਉਂਦਾ। ਥੱਕ ਹਾਰ ਕੇ ਮੱਖੀ ਖੁਦ ਉਡ ਜਾਂਦੀ। ਥੱਲੇ ਪੈਰਾਂ ਵਿੱਚ ਚੂਹਾ ਫਿਰਦਾ ਰਹਿੰਦਾ ਜਾਂ ਪਿੰਜਣੀਆਂ ਉੱਤੇ ਕੁਤਕੁਤਾਰੀਆਂ ਕੱਢਦਾ, ਸਾਧੂ ਬਣਿਆ ਬੈਠਾ ਨਿਊਜ਼ ਰੀਡਰ ਖਬਰਾਂ ਪੜ੍ਹੀ ਜਾਂਦਾ। ਕੈਮਰਾਮੈਨ, ਪ੍ਰੋਡਿਊਸਰ ਆਦਿ ਮੱਖੀ ਜਾਂ ਚੂਹੇ ਦੇ ਕੰਮ ਵਿੱਚ ਦਖਲ ਨਾ ਦੇਂਦੇ। ਖਬਰਾਂ ਪੜ੍ਹਨ ਵਾਲੀਆਂ ਬੀਬੀਆਂ ਚੁੰਨੀ ਜਾਂ ਸਾੜ੍ਹੀ ਦੇ ਪੱਲੇ ਨਾਲ ਸਿਰ ਢੱਕ ਕੇ ਖਬਰਾਂ ਪੜ੍ਹਿਆ ਕਰਦੀਆਂ ਸਨ। ਉਦੋਂ ਸਿਰਫ ਸਰਕਾਰੀ ਟੈਲੀਵੀਜ਼ਨ ਅਦਾਰੇ ਹੁੰਦੇ ਸਨ ਤੇ ਸਾਰੇ ਪਿੰਡ ਜਾਂ ਮੁਹੱਲੇ ਵਿੱਚ ਦੋ ਜਾਂ ਤਿੰਨ ਸਰਦੇ-ਪੁੱਜਦੇ ਘਰਾਂ ਵਿੱਚ ਵੱਡੇ ਸੰਦੂਕ ਵਰਗੇ ਕਾਲੇ ਚਿੱਟੇ ਟੀ ਵੀ ਸੈੱਟ ਹੁੰਦੇ ਸਨ। ਸਾਰਾ ਪਿੰਡ ਸੈਟ-ਬੈਟ ਹੋ ਕੇ ਬੈਠਾ ਅੰਤਰ ਧਿਆਨ ਅੰਦਾਜ਼ ਵਿੱਚ ਖਬਰਾਂ, ਚਿੱਤਰਹਾਰ, ਪਰਵਾਰਕ ਪ੍ਰੋਗਰਾਮ ਸੁਣਦਾ ਅਤੇ ਵੇਖਦਾ। ਮਨ ਵਿੱਚ ਬੇਚੈਨੀ ਅਤੇ ਉਥਲ-ਪੁਥਲ ਨਾ ਪੈਦਾ ਹੁੰਦੀ। ਸ਼ਾਮ ਸਮੇਂ ਦੀਆਂ ਪੰਦਰਾਂ ਮਿੰਟ ਵਾਲੀਆਂ ਖਬਰਾਂ ਸੁਣਨ ਤੋਂ ਬਾਅਦ ਰਾਤ ਨੂੰ ਬੜੀ ਵਧੀਆ ਨੀਂਦ ਆ ਜਾਣੀ ਤੇ ਸਾਰੇ ਦਿਨ ਦਾ ਥਕੇਵਾਂ ਲੱਥ ਜਾਣਾ।

ਉਦੋਂ ਸਿਰਫ ਨਿਊਜ਼ ਹੁੰਦੀਆਂ ਸਨ। ਬ੍ਰੇਕਿੰਗ ਨਿਊਜ਼, ਬਿੱਗ ਬ੍ਰੇਕਿੰਗ ਨਿਊਜ਼, ਐਕਸਕਲੂਸਿਵ ਨਿਊਜ਼ ਜਾਂ ਵੱਡੀ ਖਬਰ, ਅੱਜ ਦੀ ਸਭ ਤੋਂ ਵੱਡੀ ਖਬਰ, ਸਨਸਨੀਖੇਜ਼ ਖਬਰ, ਰੌਂਗਟੇ ਖੜ੍ਹੇ ਕਰਨ ਵਾਲੀ ਖਬਰ, ਦੰਗ ਕਰਨ ਵਾਲੀ ਖਬਰ, ਨਹੀਂ ਹੁੰਦੀ ਸੀ। ਲੰਗੂਰ ਦੀ ਪੂਛ ਵਾਂਗ ਲੰਮੀ ਅਤੇ ਊਠ ਦੇ ਲਮਕਦੇ ਬੁੱਲ੍ਹ ਵਾਂਗ ਲਮਕਦੀ ਤੇ ਪਾਣੀ ਵਿੱਚ ਮਧਾਣੀ ਚਲਾਉਣ ਵਰਗੀ ਕੋਈ ਖਬਰ-ਸ਼ਬਰ ਨਹੀਂ ਹੁੰਦੀ ਸੀ। ਹਾਏ !! ਉਫ !!! ਅੱਜ ਸਰਕਾਰੀ ਟੀ ਵੀ ਚੈਨਲਾਂ ਦੇ ਨਾਲ-ਨਾਲ ਬੇਸ਼ੁਮਾਰ ਗੈਰ ਸਰਕਾਰੀ ਟੀ ਵੀ ਚੈਨਲ ਹੋ ਗਏ ਹਨ ਅਤੇ ਟੀ ਵੀ ਸਟੂਡੀਓ ਭਲਵਾਨੀ ਅਖਾੜਿਆਂ ਵਰਗੇ ਅਤੇ ਕਦੇ ਨਾਟਘਰਾਂ ਵਰਗੇ ਲੱਗਣ ਲੱਗ ਪੈਂਦੇ ਹਨ।

ਪੂਰੇ ਚੌਵੀਂ ਘੰਟੇ ਰੋਜ਼ ਖਬਰਾਂ ਨਸ਼ਰ ਹੋਣ ਵੇਲੇ ਸਟੂਡੀਓ ਅੰਦਰ ਕਾਵਾਂ ਰੌਲੀ, ਬੂਹ-ਪਾਰ੍ਹਿਆ ਪਈ ਰਹਿੰਦੀ ਹੈ। ਨਿਊਜ਼ ਰੀਡਰ ਵੀ ਐਂਕਰ ਭਾਵ ਐਕਟਰ ਬਣ ਗਏ ਹਨ। ਓਨੇ ਗੇੜੇ ਕੋਈ ਭਲਵਾਨ ਅਖਾੜੇ ਦੇ ਨਹੀਂ ਕੱਢਦਾ, ਜਿੰਨੇ ਗੇੜੇ ਖਬਰਾਂ ਪੇਸ਼ ਕਰਨ ਵੇਲੇ ਇੱਕ ਐਂਕਰ ਸਟੂਡੀਓ ਅੰਦਰ ਇਧਰੋ-ਓਧਰ, ਉਧਰੋਂ-ਇਧਰ ਕੱਢ ਦਿੰਦਾ ਹੈ। ਐਂਕਰ-ਐਂਕਰਨੀ ਦੀ ਆਵਾਜ਼ ਵਿੱਚ ਸੰਜੀਦਗੀ-ਸਹਿਜਤਾ ਨਹੀਂ ਹੁੰਦੀ। ਉਹ ਪੂਰੇ ਨਾਟਕਬਾਜ਼, ਕਲਾਬਾਜ਼ ਜਾਪਦੇ ਹਨ। ਸਾਧਾਰਨ ਤੇ ਆਮ ਖਬਰ ਉਚੀ ਆਵਾਜ਼ ਵਿੱਚ ਹੱਥ-ਪੈਰ ਹਿਲਾ-ਹਿਲਾ ਕੇ, ਬਾਹਵਾਂ ਉਲਾਰ ਕੇ ਇੰਝ ਪੜ੍ਹਦੇ ਨੇ ਜਿਵੇਂ ਸਰੋਤਿਆਂ ਭਾਵ ਦਰਸ਼ਕਾਂ ਦੇ ਮੱਥਿਆਂ ਵਿੱਚ ਵੱਟੇ-ਰੋੜੇ ਮਾਰ ਰਹੇ ਹੋਣ। ਕੋਈ ਨਿਆਣਾ ਵੀ ਰਬੜ ਦੀ ਗੇਂਦ ਦੇ ਓਨੇ ਟੱਪੇ ਫਰਸ਼ ਉੱਤੇ ਨਹੀਂ ਪੁਆਉਂਦਾ, ਜਿੰਨੇ ਟੱਪੇ ਇਹ ਖਬਰ-ਟਪਾਰੇ ਇੱਕ ਟੋਪਿਕ ਦੇ ਟੱਪ-ਟੱਪ ਪੁਆ ਦਿੰਦੇ ਹਨ। ਰਹਿੰਦੀ-ਸਹਿੰਦੀ ਕਮੀ ਇਨ੍ਹਾਂ ਦੇ ਸਹਾਇਕ ਫੀਲਡ ਵਿੱਚ ਗਏ ਟੀ ਵੀ ਪੱਤਰਕਾਰ ਅਤੇ ਫੋਟੋਗਰਾਫਰ ਪੂਰੀ ਕਰ ਦਿੰਦੇ ਹਨ। ਉਹ ਆਮ ਦ੍ਰਿਸ਼ ਨੂੰ ਭਿਆਨਕ ਦ੍ਰਿਸ਼ ਵਿੱਚ ਬਦਲਣ ਵਿੱਚ ਮਾਹਰ ਹੁੰਦੇ ਹਨ।

ਸਰਕਾਰਾਂ ਤੇ ਹੁਕਮਰਾਨਾਂ ਦੇ ਝੋਲੀ ਚੁੱਕ ਤੇ ਚਮਚੇ ਐਂਕਰ ਝੂਠੀਆਂ ਖਬਰਾਂ ਨੂੰ ਸੱਚੀਆਂ ਖਬਰਾਂ ਬਣਾ ਕੇ ਪੇਸ਼ ਕਰਨ ਵਿੱਚ ਮਾਹਰ ਹੁੰਦੇ ਹਨ। ਵਿਚਾਰ-ਚਰਚਾ, ਕੁੱਟਮਾਰ ਚਰਚਾ ਵਾਂਗ ਪਾਰਲੀਮੈਂਟ ਜਾਂ ਵਿਧਾਨ ਸਭਾ ਵਰਗਾ ਨਜ਼ਾਰਾ ਪੇਸ਼ ਕਰ ਦਿੰਦੀ ਹੈ। ਐਂਕਰ ਵੱਲੋਂ ਵਿਰੋਧੀ ਪੱਖਾਂ ਦੇ ਸੱਦੇ (ਇਕੱਠੇ ਕੀਤੇ) ਵਿਚਾਰ ਚਰਚਾ ਦੇ ਮਾਹਰ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਲੱਗਦੇ ਨੇ। ਉਹ ਕਮੀਜ਼ਾਂ ਦੀਆਂ ਬਾਹਵਾਂ ਟੁੰਗ ਕੇ, ਤਲੀਆਂ ਉੱਤੇ ਥੁੱਕ ਕੇ, ਪੱਟਾਂ ਉੱਤੇ ਹੱਥ ਮਾਰ-ਮਾਰ ਕੇ ਜਾਂ ਟਾਈਆਂ ਦੀਆਂ ਗੰਢਾਂ ਉਪਰ ਥੱਲੇ ਕਰ ਕੇ, ਲੁੰਗੀਆਂ ਨੂੰ ਵਲ-ਵਲ੍ਹੇਟ ਕੇ ਇੱਕ ਦੂਜੇ ਨੂੰ ਲਲਕਾਰਨ ਦੇ ਅੰਦਾਜ਼ ਵਿੱਚ ਆਪੋ ਆਪਣੇ ਵਿਚਾਰ ਪੇਸ਼ ਕਰ ਕੇ ਸਟੂਡੀਓ ਅੰਦਰ ਰੌਲਾ ਰੱਪਾ ਕਈ ਡੈਸੀਮਲ ਵਧਾ ਦਿੰਦੇ ਹਨ। ਸਰੋਤੇ ਭਾਵ ਦਰਸ਼ਕ ਸਟਰੀਟ ਫਾਈਟ ਵਰਗਾ ਭਿਆਨਕ ਮੰਜ਼ਰ ਵੇਖ ਕੇ ਤਣਾਅ ਵਿੱਚ ਆ ਜਾਂਦੇ ਹਨ। ਉਨ੍ਹਾਂ ਦੇ ਮਨ ਬੇਚੈਨ ਹੋ ਜਾਂਦੇ ਹਨ। ਦਿਲ ਧੁੜਕੂੰ-ਧੁੜਕੂੰ ਕਰਦੇ ਨੇ। ਉਹ ਸਮਝਦੇ ਨੇ ਦੁਨੀਆ ਦਾ ਬੇੜਾ ਗਰਕ ਹੋਣ ਵਾਲਾ ਏ। ਪਰਲੋ ਆਉਣ ਵਾਲੀ ਏ। ਉਨ੍ਹਾਂ ਦੀ ਸਾਰੀ ਰਾਤ ਬੇਚੈਨੀ ਵਿੱਚ ਲੰਘਦੀ ਏ। ਨੀਂਦ ਆਉਂਦੀ ਹੀ ਨਹੀਂ।

ਨਿਊਜ਼ ਰੀਡਰ ਉਰਫ ਨਿਊਜ ਐਂਕਰ ਦੋ ਰਵਾਇਤੀ ਵਿਰੋਧੀ ਦੇਸ਼ਾਂ ਵਿਚਕਾਰ ਕਿਸੇ ਖੇਡ ਦੇ ਫਰੈਂਡਲੀ ਮੈਚ ਦੀ ਖਬਰ ਵੀ ਮਿਰਚ ਮਸਾਲੇ ਦਾ ਅਸਲਾ ਬਾਰੂਦ ਵਰਤ ਕੇ ਇੰਝ ਪੇਸ਼ ਕਰਨ ਲੱਗੇ ਹਨ, ਜਿਵੇਂ ਉਹ ਦੋ ਦੇਸ਼ਾਂ ਵਿਚਕਾਰ ਜੰਗ ਦਾ ਹਾਲ ਬਿਆਨ ਕਰ ਰਹੇ ਹੋਣ। ਬੇਵਕੂਫਾਂ ਨੂੰ ਪਤਾ ਹੋਣਾ ਚਾਹੀਦਾ ਏ ਕਿ ਖੇਡਾਂ ਵੈਰ-ਵਿਰੋਧ ਨਹੀਂ ਵਧਾਉਂਦੀਆਂ, ਸਦਭਾਵਨਾ, ਮੇਲ ਮਿਲਾਪ, ਮਿੱਤਰਤਾ ਵਧਾਉਂਦੀਆਂ ਹਨ। ਖੇਡ ਦਾ ਮੈਦਾਨ, ਜੰਗ ਦਾ ਮੈਦਾਨ ਨਹੀਂ ਹੁੰਦਾ। ਮੂਰਖੋ, ਹੋਸ਼ ਕਰੋ।

# ਅਸਹਿਨਸ਼ੀਲਤਾ / ਮਿੰਨੀ ਕਹਾਣੀ

ਮੇਰੀ ਵੱਡੀ ਭੈਣ ਦੀਆਂ ਦੋਵੇਂ ਕੁੜੀਆਂ ਇੱਕੋ ਘਰ ਵਿੱਚ ਵਿਆਹੀਆਂ ਹੋਈਆਂ ਹਨ। ਦੋ ਸਾਲ ਪਹਿਲਾਂ ਵੱਡੀ ਕੁੜੀ ਦੇ ਪਤੀ ਦੀ ਸਕੂਟਰੀ ਦਰੱਖਤ ਵਿੱਚ ਵੱਜ ਗਈ ਸੀ ਤੇ ਉਸ ਦੇ ਸਿਰ ਵਿੱਚ ਗੁੱਝੀ ਸੱਟ ਲੱਗ ਗਈ ਸੀ। ਫਿਰ ਬਾਅਦ ਵਿੱਚ ਉਸ ਦੀ ਮੌਤ ਹੋ ਗਈ ਸੀ। ਵੱਡੀ ਕੁੜੀ ਦੇ ਇੱਕੋ ਬੱਚੀ ਸੀ। ਉਸ ਨੇ ਦੂਜਾ ਵਿਆਹ ਕਰਵਾਉਣ ਤੋਂ ਸਾਫ ਇਨਕਾਰ ਕਰ ਦਿੱਤੀ ਸੀ। ਉਸ ਨੇ ਆਪਣੀ ਬਾਕੀ ਬੱਚਦੀ ਜ਼ਿੰਦਗੀ ਉਸੇ ਘਰ ਵਿੱਚ ਬਿਤਾਉਣ ਦਾ ਫੈਸਲਾ ਕਰ ਲਿਆ ਸੀ ।ਮੈਂ ਮਹੀਨੇ ਵਿੱਚ ਇੱਕ ਵਾਰੀ ਟੈਲੀਫੋਨ ਕਰਕੇ ਦੋਹਾਂ ਭੈਣਾਂ ਦਾ ਹਾਲ-ਚਾਲ ਪੁੱਛਦਾ ਰਹਿੰਦਾ ਹਾਂ।

ਅੱਜ ਮੈਂ ਸਮਾਂ ਕੱਢ ਕੇ ਉਨ੍ਹਾਂ ਦੇ ਸਹੁਰੇ ਘਰ ਆਇਆ ਹੋਇਆਂ ਹਾਂ। ਮੈਂ ਦੋਹਾਂ ਨਾਲ ਬੈਠ ਕੇ ਗੱਲਾਂ ਕੀਤੀਆਂ ਤੇ ਪੁੱਛਿਆ, " ਤੁਸੀਂ ਦੋਵੇਂ ਆਪਸ 'ਚ ਲੜਦੀਆਂ ਤੇ ਨਹੀਂ ?"

" ਮਾਮਾ ਜੀ, ਲੜਨਾ ਕਾਦ੍ਹੇ ਲਈ ਆ। ਜੇ ਛੋਟੀ ਭੈਣ ਮੈਨੂੰ ਕੁੱਝ ਕਹੇ, ਤਾਂ ਮੈਂ ਚੁੱਪ ਕਰ ਜਾਂਦੀ ਆਂ। ਜੇ ਮੈਂ ਉਸ ਨੂੰ ਕੁੱਝ ਕਹਾਂ,ਤਾਂ ਉਹ ਚੁੱਪ ਕਰ ਜਾਂਦੀ ਆ। ਮੇਰਾ ਦਿਉਰ ਸਾਡੇ ਦੋਹਾਂ 'ਚ ਕਦੇ ਦਖਲ ਨਹੀਂ ਦਿੰਦਾ। ਉਹ ਬੜਾ ਭਲਾ ਪੁਰਸ਼ ਆ। ਸਾਡਾ ਦੋਹਾਂ ਦਾ ਬੜਾ ਵਧੀਆ ਸਮਾਂ ਲੰਘੀ ਜਾਂਦਾ ਆ ।" ਵੱਡੀ ਕੁੜੀ ਨੇ ਆਖਿਆ।

" ਅਸਹਿਨਸ਼ੀਲਤਾ ਹੱਸਦੇ, ਵੱਸਦੇ ਘਰਾਂ ਨੂੰ ਨਰਕ ਬਣਾ ਦਿੰਦੀ ਆ। ਮੈਨੂੰ ਖੁਸ਼ੀ ਆ ਕਿ ਤੁਹਾਡੇ ਦੋਹਾਂ 'ਚ ਅਸਹਿਨਸ਼ੀਲਤਾ ਦਾ ਔਗੁਣ ਨਹੀਂ ਏ। ਰੱਬ ਕਰਕੇ ਤੁਸੀਂ ਦੋਵੇਂ ਏਦਾਂ ਹੀ ਆਪਣੇ ਘਰ ਖੁਸ਼ ਰਹੋ। " ਮੈਂ ਆਖਿਆ।

ਕੁੱਝ ਸਮਾਂ ਹੋਰ ਠਹਿਰਨ ਪਿੱਛੋਂ ਮੈਂ ਉਨ੍ਹਾਂ ਦੇ ਸਹੁਰਾ ਘਰ ਤੋਂ ਆਪਣੇ ਘਰ ਨੂੰ ਤੁਰ ਪਿਆ।

**ਮਹਿੰਦਰ ਸਿੰਘ ਮਾਨ**

**ਫੋਨ 9915803554**



# ਸ਼ਾਂਤੀ ਦੇ ਪੁੰਜ

# ਸ੍ਰੀ ਗੁਰੂ ਅਰਜਨ ਦੇਵ ਜੀ

**ਬੱਚਿਆਂ ਨੂੰ ਪਰਖਣ ਲਈ ਗੁਰੂ ਰਾਮਦਾਸ ਜੀ ਨੇ ਕਿਹਾ ਕਿ ਲਾਹੌਰ ਉਨ੍ਹਾਂ ਦੇ ਭਰਾ ਦੇ ਲੜਕੇ ਦੀ ਸ਼ਾਦੀ ਹੈ ਤੇ ਪ੍ਰਿਥੀ ਚੰਦ ਉੱਥੇ ਚਲੇ ਜਾਣ। ਉਹ ਕਹਿਣ ਲੱਗੇ ਕਿ ਮੈਂ ਕਿਵੇਂ ਜਾ ਸਕਦਾ ਹਾਂ ਕਿਉਂਕਿ ਇਥੇ ਬਹੁਤ ਜ਼ਿੰਮੇਵਾਰੀਆਂ ਹਨ। ਅਸਲ ਵਿੱਚ ਉਸ ਨੂੰ ਇਹ ਗੱਲ ਦਾ ਡਰ ਸੀ ਕਿ ਕਿਤੇ ਅਰਜਨ ਦੇਵ ਜੀ ਨੂੰ ਉਸ ਦੀ ਗ਼ੈਰ ਹਾਜ਼ਰੀ ਵਿਚ ਗੁਰਗੱਦੀ ਨਾ ਮਿਲ ਜਾਵੇ। ਗੁਰੂ ਅਰਜਨ ਦੇਵ ਜੀ ਛੋਟੇ ਅਤੇ ਗੁਰੂ ਮਾਰਗ ਤੇ ਚੱਲਣ ਵਾਲੇ ਮਹਾਨ ਤਪੱਸਵੀ ਸਨ। ਉਹ ਗੁਰੂ ਰਾਮਦਾਸ ਜੀ ਨੂੰ ਜਾਣ ਲਈ ਨਾਂਹ ਨਾ ਕਰ ਸਕੇ ਤੇ ਨੇਤਰਾਂ ਵਿਚ ਅੱਥਰੂ ਆ ਗਏ ਤੇ ਕਹਿਣ ਲੱਗੇ ਕਿ ਤੁਹਾਡੇ ਦਰਸ਼ਨਾਂ ਤੋਂ ਬਿਨਾਂ ਮੇਰਾ ਜਿਊਣਾ ਔਖਾ ਹੈ:**

**"ਜਿਉ ਮਛੁਲੀ ਬਿਨੁ ਪਾਣੀਐ, ਕਿਉ ਜੀਵਣੁ ਪਾਵੈ।"**

ਪੰਚਮ ਪਾਤਸ਼ਾਹ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਗੁਰੂ ਰਾਮ ਦਾਸ ਤੇ ਮਾਤਾ ਭਾਨੀ ਦੇ ਘਰ ਗੋਇੰਦਵਾਲ ਵਿਖੇ ਹੋਇਆ। ਉਨ੍ਹਾਂ ਦੇ ਦੋ ਵੱਡੇ ਭਰਾ ਪ੍ਰਿਥੀ ਚੰਦ ਤੇ ਮਹਾਦੇਵ ਸਨ। ਆਪਜੀ ਦੇ ਬਚਪਨ ਦੇ ਸਾਢੇ ਗਿਆਰਾਂ ਸਾਲ ਆਪਣੇ ਨਾਨਾ ਗੁਰੂ ਅਮਰਦਾਸ ਜੀ ਦੀ ਗੋਦ ਵਿੱਚ ਲਾਡ ਪਿਆਰ ਲੈਂਦਿਆਂ ਅਤੇ ਉਹਨਾਂ ਦੀ ਦੇਖ ਰੇਖ ਵਿੱਚ ਗੋਇੰਦਵਾਲ ਸਾਹਿਬ ਵਿੱਚ ਹੀ ਬੀਤੇ । ਮੁਢਲੀ ਵਿੱਦਿਆ ਦੇਵਨਾਗਰੀ ਤੇ ਗਣਿਤ ਪਿੰਡ ਦੇ ਪਾਂਧੇ ਤੋਂ ਸਿੱਖੀ । ਫਾਰਸੀ ਪਿੰਡ ਦੇ ਮਦਰੱਸੇ ਤੋਂ ਤੇ ਪੰਜਾਬੀ ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਨੇ ਆਪ ਸਿਖਾਈ। ਆਪ ਜੀ ਨੇ ਰਾਗ ਵਿੱਦਿਆ, ਸ਼ਸਤਰ ਵਿੱਦਿਆ, ਨੇਜੇਬਾਜ਼ੀ ਤੇ ਘੋੜ ਸਵਾਰੀ ਵਿੱਚ ਵੀ ਨਿਪੁੰਨਤਾ ਹਾਸਲ ਕੀਤੀ। ਸਿਰੰਦਾ ਉਹ ਬਹੁਤ ਹੀ ਸੁੰਦਰ ਵਜਾਉਂਦੇ ਸੀ। ਰਾਗ ਵਿਦਿਆ ਵਿੱਚ ਉਹ ਐਨੇ ਮਾਹਿਰ ਸਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ ਰਾਗਾਂ ਦੇ ਵਖ ਵੱਖ ਭੇਦਾਂ ਤੋਂ ਜਾਣਿਆ ਜਾ ਸਕਦਾ ਹੈ। ਵੇਦ , ਕਤੇਬ, ਕੁਰਾਨ ਦਾ ਸਾਰ ਕੁਝ ਤੁਕਾਂ ਵਿੱਚ ਦੇ ਜਾਣਾ, ਉਹਨਾਂ ਕੋਲ ਹਰ ਧਰਮ ਦਾ ਗਿਆਨ ਹੋਣਾ ਦਰਸਾਉਂਦਾ ਹੈ।

ਬਚਪਨ ਤੋਂ ਹੀ ਉਨ੍ਹਾਂ ਦੀ ਵੱਡਿਆਂ ਵਾਲੀ ਸੋਚ, ਸੇਵਾ, ਸਿਮਰਨ ਤੇ ਬਾਣੀ ਨਾਲ ਅਸੀਮ ਪਿਆਰ ਦੇਖ ਕੇ ਗੁਰੂ ਅਮਰਦਾਸ ਜੀ ਉਨ੍ਹਾਂ ਨੂੰ ਅਕਸਰ ਵੱਡਾ ਪੁਰਖ, ਦੋਹਿਤਾ ਬਾਣੀ ਦਾ ਬੋਹਿਥਾ ਕਿਹਾ ਕਰਦੇ ਸਨ । ਛੋਟੀ ਉਮਰ ਤੋਂ ਹੀ ਆਪ ਗੁਰੂ ਰਾਮਦਾਸ ਜੀ ਨਾਲ ਸੇਵਾ ਅਤੇ ਉਸਾਰੀ ਦੇ ਕੰਮਾਂ ਵਿਚ ਮਦਦ ਕਰਨ ਲਈ ਜਾਂਦੇ ਤੇ ਬਹੁਤ ਸਾਰੇ ਕੰਮ, ਜੋ ਗੁਰ ਰਾਮਦਾਸ ਜੀ ਨੇ ਸ਼ੁਰੂ ਕੀਤੇ ਸੀ, ਉਹਨਾਂ ਦੀ ਸੰਪੂਰਨਤਾ ਆਪਜੀ ਨੇ ਕੀਤੀ। ਉਸਾਰੀ ਉਤੇ ਸ਼ਿਲਪ ਕਲਾ ਵਿੱਚ ਨਿਪੁੰਨਤਾ ਹੀ ਉਨ੍ਹਾਂ ਦਾ ਹਰਿਮੰਦਰ ਸਾਹਿਬ ਦੀ ਸਥਾਪਨਾ, ਤਰਨਤਾਰਨ, ਲਾਹੌਰ, ਬਉਲੀ ਸਾਹਿਬ, ਦੀਵਾਨ ਖਾਨਾ , ਕਰਤਾਰ ਪੁਰ, ਅੰਮ੍ਰਿਤਸਰ, ਖਾਸ ਕਰਕੇ ਸ਼ੀਸ਼ ਮਹਲ ਤੇ ਲਗਾਏ ਬਾਗ ਤੇ ਹੋਰ ਅਨੇਕਾਂ ਮਿਸਾਲਾਂ ਹਨ। ਸਤੰਬਰ 1574 ਵਿਚ ਗੁਰੂ ਅਮਰਦਾਸ ਜੀ ਨੇ ਗੁਰਗੱਦੀ ਦੀ ਜਿੰਮੇਵਾਰੀ ਗੁਰੂ ਰਾਮਦਾਸ ਜੀ ਨੂੰ ਦੇਕੇ ਹੁਕਮ ਕੀਤਾ ਕਿ ਸ਼ਹਿਰ ਅੰਮ੍ਰਿਤਸਰ ਵਿਚ ਸਿੱਖੀ ਪ੍ਰਚਾਰ ਅਰੰਭਿਆ ਜਾਏ। ਸੋ ਗੁਰੂ ਰਾਮਦਾਸ ਜੀ ਦੇ ਨਾਲ ਨਾਲ ਗੁਰੂ ਅਰਜਨ ਦੇਵ ਜੀ ਪ੍ਰਿਥੀਚੰਦ ਤੇ ਮਹਾਦੇਵ, ਗੋਵਿੰਦਵਾਲ ਤੋਂ ਅੰਮ੍ਰਿਤਸਰ ਵਸ ਗਏ ਜਿਸਦਾ ਪਹਿਲਾ ਨਾਮ ਗੁਰੂ ਕਾ ਚੱਕ ਤੇ ਫੇਰ ਰਾਮਦਾਸ ਪੁਰਾ ਅਤੇ ਬਾਅਦ ਵਿੱਚ ਅੰਮ੍ਰਿਤਸਰ ਦੇ ਨਾਂ ਨਾਲ ਮਸ਼ਹੂਰ ਹੋ ਗਿਆ।

ਆਪ ਜੀ ਇਕ ਉੱਚ ਕੋਟੀ ਦੇ ਵਿਦਵਾਨ , ਸਹਿਤਕਾਰ, ਇੱਕ ਚੰਗੇ ਚਿਤ੍ਰਕਾਰ, ਸੰਗੀਤਕਾਰ, ਤੇਜੱਸਵੀ ਆਗੂ, ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ । ਮਹਾ-ਪਰਉਪਕਾਰੀ, ਕੌਮ ਦੇ ਉਸਰੱਈਏ ਆਪ ਦੀ ਸ਼ਖ਼ਸੀਅਤ ਦੇ ਵਿਲੱਖਣ ਸਰੂਪ ਸਨ। ਉਹ ਇੱਕ ਉੱਚ ਕੋਟੀ ਦੇ ਵਿਦਵਾਨ ਵੀ ਸਨ ਜਿਨ੍ਹਾਂ ਨੇ ਆਪਣੀ ਸੋਚ ਅਤੇ ਆਪਣੀ ਕਥਨੀ ਨੂੰ ਕਰਨੀ ਵਿੱਚ ਬਦਲ ਕੇ ਰੱਖ ਦਿੱਤਾ। ਉਹਨਾਂ ਨੇ ਲੋਕਾਂ ਨੂੰ ਸਿਰਫ ਧਾਰਮਿਕ ਸਿੱਖਿਆ ਤੇ ਅਧਿਆਤਮਕ ਗਿਆਨ ਹੀ ਨਹੀਂ ਦਿੱਤਾ ਸਗੋਂ ਉਹਨਾਂ ਨੂੰ ਆਚਾਰ ਤੇ ਸਦਾਚਾਰ ਦੇ ਉਪਦੇਸ਼ ਦਿੰਦੇ ਹੋਏ ਉਹਨਾਂ ਦੇ ਅੰਗ ਸੰਗ ਰਹਿ ਕੇ ਉਹਨਾਂ ਦੇ ਦੁੱਖ, ਸੁੱਖ ਨਾਲ ਸਾਂਝ ਪਾਈ ਹੈ। ਲੋਕਾਂ ਦੀਆਂ ਜ਼ਰੂਰਤਾਂ ਨੂੰ ਦਿਲੋਂ ਮਹਿਸੂਸ ਕੀਤਾ, ਤੇ ਪੂਰਾ ਕਰਨ ਦੇ ਸੰਭਵ ਯਤਨ ਵੀ ਕੀਤੇ, ਲੋੜ ਪਈ ਤਾਂ ਆਪਣੀ ਜਾਨ ਵੀ ਕੁਰਬਾਨ ਕਰ ਦਿੱਤੀ।

ਆਪ ਜੀ ਦੀ ਪਤਨੀ ਦਾ ਨਾਂ ਗੰਗਾ ਜੀ ਸੀ ਤੇ ਇਹ ਪਿੰਡ ਮਿਓ ਜ਼ਿਲ੍ਹਾ ਜਲੰਧਰ ਦੇ ਵਾਸੀ ਸਨ। ਉਹਨਾਂ ਦੇ ਇੱਕ ਹੀ ਪੁੱਤਰ ਹਰਿਗੋਬਿੰਦ ਜੀ ਸਨ, ਜੋ ਛੇਵੇਂ ਗੁਰੂ ਹੋਏ।ਗੁਰੂ ਜੀ ਦਾ ਆਪਣੇ ਜੀਵਨ ਕਾਲ ਵਿੱਚ ਕੀਤੇ ਕਾਰਜਾਂ ਵਿਚੋਂ ਸਭ ਤੋਂ ਮਹੱਤਵਪੂਰਨ ਕਾਰਜ ਆਦਿ ਗ੍ਰੰਥ ਦੀ ਸੰਪਾਦਨਾ ਹੈ ਜਿਸ ਦੇ ਨਾਲ ਸਿੱਖ ਇਤਿਹਾਸ ਵਿੱਚ ਇੱਕ ਨਵਾਂ ਮੋੜ ਆਇਆ।ਇਸ ਗ੍ਰੰਥ ਦਾ ਸੰਕਲਨ 1604 ਈ. ਵਿੱਚ ਕੀਤਾ ਗਿਆ। ਗੁਰੂ ਅਰਜਨ ਦੇਵ ਜੀ ਨੇ ਇਸ ਵਿੱਚ ਪਹਿਲੇ 4 ਗੁਰੂਆਂ,15 ਭਗਤਾਂ, 11 ਭੱਟਾਂ ਅਤੇ ਗੁਰੂ ਘਰ ਦੇ ਨਿਕਟੀਆਂ ਦੀ ਬਾਣੀ ਨੂੰ ਸ਼ਾਮਿਲ ਕੀਤਾ। ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ 31 ਰਾਗਾਂ ਵਿਚੋਂ ਜੈਜਾਵੰਤੀ ਰਾਗ ਨੂੰ ਛੱਡ ਬਾਕੀ ਸਾਰੇ 30 ਰਾਗਾਂ ਵਿੱਚ ਬਾਣੀ ਦੀ ਰਚਨਾ ਕੀਤੀ ਹੈ।ਆਪ ਜੀ ਦੇ 2218 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ।ਇਹਨਾਂ ਨੇ ਸਾਰੀ ਬਾਣੀ 1581 ਈ. ਤੋਂ 1604 ਈ. ਸਮੇਂ ਦੌਰਾਨ ਰਚੀ।ਗੁਰੂ ਜੀ ਦੀਆਂ ਪ੍ਰਮੁੱਖ ਬਾਣੀਆਂ ਗਉੜੀ ਸੁਖਮਨੀ, ਬਾਰਹਮਾਹ ਮਾਝ, ਬਾਵਨ ਅਕਰੀ, ਬਿਰਹੜੇ, ਗੁਣਵੰਤੀ, ਅੰਜੁਲੀ , ਪਹਿਰੇ, ਦਿਨ ਰੈਣਿ ਰਾਗ ਬੱਧ ਬਾਣੀਆਂ ਹਨ।ਸਲੋਕ ਵਾਰਾਂ ਤੇ ਵਧੀਕ , ਗਾਥਾ, ਫੁਨਹੇ, ਚਉ ਬੋਲੇ, ਸਲੋਕ ਸਹਸਕ੍ਰਿਤੀ, ਮੁੰਦਾਵਣੀ ਮਹਲਾ 5 ਆਦਿ ਰਾਗ ਮੁਕਤ ਬਾਣੀਆਂ ਹਨ।

ਆਪਣੇ ਬੱਚਿਆਂ ਨੂੰ ਪਰਖਣ ਲਈ ਗੁਰੂ ਰਾਮਦਾਸ ਜੀ ਨੇ ਕਿਹਾ ਕਿ ਲਾਹੌਰ ਉਨ੍ਹਾਂ ਦੇ ਭਰਾ ਦੇ ਲੜਕੇ ਦੀ ਸ਼ਾਦੀ ਹੈ ਤੇ ਪ੍ਰਿਥੀ ਚੰਦ ਉੱਥੇ ਚਲੇ ਜਾਣ। ਉਹ ਕਹਿਣ ਲੱਗੇ ਕਿ ਮੈਂ ਕਿਵੇਂ ਜਾ ਸਕਦਾ ਹਾਂ ਕਿਉਂਕਿ ਇਥੇ ਬਹੁਤ ਜ਼ਿੰਮੇਵਾਰੀਆਂ ਹਨ। ਅਸਲ ਵਿੱਚ ਉਸ ਨੂੰ ਇਹ ਗੱਲ ਦਾ ਡਰ ਸੀ ਕਿ ਕਿਤੇ ਅਰਜਨ ਦੇਵ ਜੀ ਨੂੰ ਉਸ ਦੀ ਗ਼ੈਰ ਹਾਜ਼ਰੀ ਵਿਚ ਗੁਰਗੱਦੀ ਨਾ ਮਿਲ ਜਾਵੇ। ਗੁਰੂ ਅਰਜਨ ਦੇਵ ਜੀ ਛੋਟੇ ਅਤੇ ਗੁਰੂ ਮਾਰਗ ਤੇ ਚੱਲਣ ਵਾਲੇ ਮਹਾਨ ਤਪੱਸਵੀ ਸਨ। ਉਹ ਗੁਰੂ ਰਾਮਦਾਸ ਜੀ ਨੂੰ ਜਾਣ ਲਈ ਨਾਂਹ ਨਾ ਕਰ ਸਕੇ ਤੇ ਨੇਤਰਾਂ ਵਿਚ ਅੱਥਰੂ ਆ ਗਏ ਤੇ ਕਹਿਣ ਲੱਗੇ ਕਿ ਤੁਹਾਡੇ ਦਰਸ਼ਨਾਂ ਤੋਂ ਬਿਨਾਂ ਮੇਰਾ ਜਿਊਣਾ ਔਖਾ ਹੈ:

**"ਜਿਉ ਮਛੁਲੀ ਬਿਨੁ ਪਾਣੀਐ, ਕਿਉ ਜੀਵਣੁ ਪਾਵੈ।"** ਗੁਰੂ ਰਾਮਦਾਸ ਜੀ ਨੇ ਇਨ੍ਹਾਂ ਨੂੰ ਹੋਰ ਆਗਿਆ ਕੀਤੀ ਕਿ ਉੱਥੇ ਰਹਿ ਕੇ ਹੀ ਸਤਿਸੰਗ ਕਰਨਾ ਹੈ ਤੇ ਤੀਜੀ ਗੱਲ ਹੈ ਕਿ ਜਦ ਤਕ ਅਸੀ ਨਾ ਬੁਲਾਈਏ, ਤਦ ਤੱਕ ਵਾਪਸ ਨਹੀਂ ਆਉਣਾ। ਸੋ ਇਸੇ ਤਰ੍ਹਾਂ ਹੀ ਉਹਨਾਂ ਨੇ ਹੁਕਮਾਂ ਦੀ ਪਾਲਣਾ ਕੀਤੀ । ਅਰਜਨ ਦੇਵ ਜੀ ਨੂੰ ਉਡੀਕਦੇ-ਉਡੀਕਦੇ ਇੱਕ ਸਾਲ ਹੋ ਗਿਆ। ਆਪ ਜੀ ਨੇ ਪਿਤਾ ਗੁਰੂ ਰਾਮਦਾਸ ਜੀ ਨੂੰ ਦੋ ਚਿੱਠੀਆਂ ਲਿਖ ਕੇ ਭੇਜੀਆਂ । ਪਹਿਲੀ ਚਿੱਠੀ

**'ਮੇਰਾ ਮਨ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰਦੇ ਚਾਤ੍ਰਿਕ ਕੀ ਨਿਆਈ॥'**

ਅਤੇ ਦੂਜੀ ਚਿੱਠੀ'

**ਤੇਰਾ ਮੁਖ ਸਹਾਵਾ ਜੀਉ ਸਹਿਜ ਧੁਨਿ ਬਾਣੀ॥**
**ਚਿਰ ਹੋਆ ਦੇਖੇ ਸਾਰਿੰਗ ਪਾਣੀ॥'**

ਇਹਨਾਂ ਨੂੰ ਪ੍ਰਿਥੀ ਚੰਦ ਨੇ ਆਪਣੇ ਕੋਲ ਹੀ ਲੁਕੋ ਲਿਆ ਤੇ ਗੁਰੂ ਰਾਮਦਾਸ ਜੀ ਤੱਕ ਪਹੁੰਚਣ ਹੀ ਨਾ ਦਿੱਤੀਆਂ। ਤੀਜੀ ਚਿੱਠੀ ਦੇ ਕੇ ਸਿੱਖ ਨੂੰ ਤਾਕੀਦ ਕੀਤੀ ਕਿ ਖ਼ੁਦ ਗੁਰੂ ਰਾਮਦਾਸ ਜੀ ਨੂੰ ਚਿੱਠੀ ਦੇਣੀ ਹੈ। ਬਿਰਹੋਂ ਦੀ ਹਾਲਤ ਨੂੰ ਚੌਥੇ ਪਾਤਸ਼ਾਹ ਨੇ ਵਾਚਿਆ :

**ਇਕ ਘੜੀ ਨਾ ਮਿਲਤੇ ਹਾਂ ਕਲਜੁਗ ਹੋਤਾ।**
**ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ।**

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਇਹ ਮਹਿਸੂਸ ਕੀਤਾ ਕਿ ਗੁਰਗੱਦੀ ਦਾ ਭਾਰ ਤਾਂ ਉਹੀ ਸੰਭਾਲ ਸਕਦਾ ਹੈ ਜਿਸ ਵਿਚ ਧੀਰਜ ਤੇ ਨਿਮਰਤਾ ਹੋਵੇ। ਬਾਬਾ ਬੁੱਢਾ ਜੀ, ਪੰਜ ਸਿੱਖਾਂ ਨੂੰ ਨਾਲ ਲੈ ਕੇ ਲਾਹੌਰ ਤੋਂ ਅਰਜਨ ਦੇਵ ਜੀ ਨੂੰ ਲੈ ਆਏ ਤੇ ਸਿੱਖੀ ਮਰਯਾਦਾ ਅਨਸਾਰ ਉਨ੍ਹਾਂ ਨੂੰ ਤਿਲਕ ਲਗਾਇਆ। ਕੇਵਲ ਦੋ ਦਿਨ ਗੁਰੂ ਰਾਮਦਾਸ ਜੀ, ਅੰਮ੍ਰਿਤਸਰ ਰਹਿ ਕੇ ਤੀਜੇ ਦਿਨ ਗੁਰੂ ਅਰਜਨ ਦੇਵ ਜੀ ਨਾਲ ਗੋਇੰਦਵਾਲ ਸਾਹਿਬ ਆ ਗਏ ਤੇ ਫਿਰ ਉਸੇ ਦਿਲ ਉਥੇ ਜੋਤੀ ਜੋਤ ਸਮਾ ਗਏ। ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਿੱਖ ਇਤਿਹਾਸ ਵਿਚ ਇੱਕ ਇਨਕਲਾਬੀ ਮੋੜ ਸੀ ਜਿਸਤੋਂ ਬਾਅਦ ਸ਼ਹੀਦੀਆਂ ਦਾ ਇੱਕ ਨਵਾਂ ਦੌਰ ਸ਼ੁਰੂ ਹੋਇਆ।ਇਸੇ ਲਈ ਉਹਨਾਂ ਨੂੰ ਸ਼ਹੀਦਾਂ ਦੇ ਸਿਰਤਾਜ ਕਿਹਾ ਜਾਂਦਾ ਹੈ।

ਮੁਗਲ ਬਾਦਸ਼ਾਹ ਅਕਬਰ ਦੀ ਮੌਤ ਤੋਂ ਬਾਅਦ ਅਕਤੂਬਰ 1605 ਵਿਚ ਜਹਾਂਗੀਰ ਮੁਗਲ ਸਾਮਰਾਜ ਦਾ ਬਾਦਸ਼ਾਹ ਬਣਿਆ। ਜਿਵੇਂ ਹੀ ਉਸਨੇ ਸਾਮਰਾਜ 'ਤੇ ਕਬਜ਼ਾ ਕੀਤਾ ਗੁਰੂ ਅਰਜਨ ਦੇਵ ਜੀ ਦੇ ਵਿਰੋਧੀ ਸਰਗਰਮ ਹੋ ਗਏ ਅਤੇ ਉਨ੍ਹਾਂ ਨੇ ਜਹਾਂਗੀਰ ਨੂੰ ਉਹਨਾਂ ਦੇ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੱਤਾ। ਇਸੇ ਦੌਰਾਨ ਸ਼ਹਿਜ਼ਾਦਾ ਖੁਸਰੋ ਨੇ ਆਪਣੇ ਪਿਤਾ ਜਹਾਂਗੀਰ ਵਿਰੁੱਧ ਬਗ਼ਾਵਤ ਕਰ ਦਿੱਤੀ। ਫਿਰ ਜਹਾਂਗੀਰ ਨੇ ਆਪਣੇ ਪੁੱਤਰ ਦਾ ਪਿੱਛਾ ਕੀਤਾ, ਇਸ ਲਈ ਉਹ ਪੰਜਾਬ ਨੂੰ ਭੱਜ ਗਿਆ। ਖੁਸਰੋ ਤਰਨਤਾਰਨ ਗੁਰੂ ਸਾਹਿਬ ਕੋਲ ਪਹੁੰਚ ਗਿਆ ਫਿਰ ਗੁਰੂ ਅਰਜਨ ਦੇਵ ਜੀ ਨੇ ਉਸ ਦਾ ਸੁਆਗਤ ਕੀਤਾ ਅਤੇ ਸ਼ਰਨ ਦਿੱਤੀ। ਜਦੋਂ ਜਹਾਂਗੀਰ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਅਰਜੁਨ ਦੇਵ ਜੀ 'ਤੇ ਗੁੱਸੇ ਹੋ ਗਿਆ। ਉਸ ਨੇ ਅਰਜੁਨ ਦੇਵ ਦੀ ਗ੍ਰਿਫ਼ਤਾਰੀ ਦਾ ਹੁਕਮ ਦਿੱਤਾ। ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਦਾ ਹੁਕਮ ਦਿੱਤਾ।ਸਾਂਈਂ ਮੀਆਂ ਮੀਰ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿੱਤੇ ਗਏ ਤਸੀਹਿਆਂ ਨੂੰ ਦੇਖ ਕੇ ਬਹੁਤ ਦੁਖੀ ਹੋਏ। ਉਨ੍ਹਾਂ ਨੇ ਗੁਰੂ ਜੀ ਤੋਂ ਦਿੱਲੀ ਸਰਕਾਰ ਅੱਗੇ ਰੋਸ ਪ੍ਰਗਟ ਕਰਨ ਦੀ ਮੰਗ ਕੀਤੀ। ਉਨ੍ਹਾਂ ਨੇ ਸਾਂਈਂ ਮੀਆਂ ਮੀਰ ਜੀ ਨੂੰ ਕਿਹਾ ਕਿ ਇਹ ਸਭ ਕੁਝ ਅਕਾਲ ਪੁਰਖ ਦੇ ਭਾਣੇ ਵਿੱਚ ਹੈ। ਭਾਣੇ ਵਿੱਚ ਰਹਿਣਾ ਹੀ ਪਰਮਾਤਮਾ ਦੀ ਖੁਸ਼ੀ ਹੈ। ਉਨ੍ਹਾਂ ਨੇ ਸੰਸਾਰ ਨੂੰ ਭਾਣੇ ਵਿਚ ਰਹਿਣ ਦਾ ਸੰਦੇਸ਼ ਦਿੱਤਾ ਅਤੇ ਪ੍ਰਤੱਖ ਰੂਪ ਵਿਚ ਭਾਣਾ ਮੰਨ ਕੇ ਗੁਰਮੁਖ ਦੇ ਆਦਰਸ਼ ਨੂੰ ਸਾਕਾਰ ਕੀਤਾ:

**ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥**

ਆਪਣੇ ਵਿਚਾਰਾਂ ਲਈ ਦ੍ਰਿੜਤਾ ਤੇ ਨਿਸਚੇ ਨੂੰ ਪ੍ਰਗਟਾਉਂਦਿਆਂ ਗੁਰੂ ਜੀ ਨੇ, ਸਮੇਂ ਦੀ ਸਰਕਾਰ ਦੀ ਈਨ ਨਾ ਮੰਨ, 1606 ਈ. ਵਿੱਚ ਸ਼ਹਾਦਤ ਦਾ ਜਾਮ ਪੀ ਕੇ ਸਿੱਖਾਂ ਵਿੱਚ ਸ਼ਹਾਦਤ ਦੀ ਸੁਨਿਹਰੀ ਰੀਤ ਨੂੰ ਤੋਰਿਆ। ਗੁਰੂ ਜੀ ਤੱਤੀ ਤਵੀ 'ਤੇ ਬੈਠ ਕੇ ਵੀ ਸ਼ਾਂਤ-ਚਿੱਤ ਅਤੇ ਅਡੋਲ ਸਨ ਇਸੇ ਲਈ ਉਹਨਾਂ ਨੂੰ 'ਸ਼ਾਂਤੀ ਦੇ ਪੁੰਜ' ਅਤੇ 'ਸ਼ਹੀਦਾਂ ਦੇ ਸਿਰਤਾਜ' ਆਖਿਆ ਜਾਂਦਾ ਹੈ।

**ਬਰਜਿੰਦਰ ਕੌਰ ਬਿਸਰਾਓ...**
9988901324

# ਕੈਂਚੀ, ਡੰਡਾ, ਕਾਠੀ

ਸਾਡੇ ਸਮੇਂ ਸਾਈਕਲ ਦੀ ਸਵਾਰੀ ਕਿਸੇ ਮਹਿੰਗੀ ਕਾਰ ਦੀ ਸਵਾਰੀ ਤੋਂ ਘੱਟ ਨਹੀਂ ਸੀ । ਜਿਸ ਕੋਲ ਸਾਈਕਲ ਹੁੰਦਾ, ਉਸ ਸਾਈਕਲ ਦੀ ਉਚਾਈ 24 ਇੰਚ ਹੋਇਆ ਕਰਦੀ ਸੀ। ਜਦੋਂ ਸਾਨੂੰ ਕਦੇ ਕਦਾਈਂ ਆਪਣੇ ਪਿਤਾ ਜਾਂ ਗਵਾਂਢੀ ਦੀ ਵਿਹਲੀ ਸਾਈਕਲ ਮਿਲਦੀ ਤਾਂ ਉਸਨੂੰ ਚਲਾਉਣ ਲਈ ਪਹਿਲਾਂ ਕੈਂਚੀ ਚਲਾਉਣੀ ਪੈਂਦੀ। ਕੈਂਚੀ ਦਾ ਅਰਥ ਇੱਕ ਲੱਤ ਬਾਹਰ ਕੱਢ ਕੇ ਦੂਜੇ ਪੈਡਲ @ਤੇ ਰੱਖ ਕੇ ਖੱਬੇ ਹੱਥ ਨਾਲ ਹੈਂਡਲ ਫੜ੍ਹਨਾ ਤੇ ਸੱਜੇ ਹੱਥ ਨਾਲ ਸਾਈਕਲ ਦਾ ਡੰਡਾ ਫੜ੍ਹਕੇ ਸਾਈਕਲ ਚਲਾਉਣੀ ਸਿੱਖਦੇ ਤੇ ਫ਼ਖਰ ਨਾਲ ਕਹਿੰਦੇ ਕਿ ਹੁਣ ਆਪਾਂ ਨੂੰ ਕੈਂਚੀ ਚਲਾਉਣੀ ਆਉਂਦੀ ਆ। ਕੈਂਚੀ ਤੋਂ ਅਗਲਾ ਪੜਾਅ



ਡੰਡੇ ਦਾ ਹੁੰਦਾ। ਲੱਤ ਛੋਟੀ ਹੋਣ ਕਰਕੇ ਪੰਜੇ ਮਸਾਂ ਪੈਡਲ ਤੱਕ ਪਹੁੰਚਦੇ ਅਤੇ ਹੁਣ ਅਸੀਂ ਫ਼ਖਰ ਨਾਲ ਦੋਸਤਾਂ ਵਿੱਚ ਕਹਿੰਦੇ ਕਿ ਹੁਣ ਭਾਈ ਸਾਨੂੰ ਡੰਡਾ ਵੀ ਚਲਾਉਣਾ ਆ ਗਿਆ। ਸਾਈਕਲ ਚਲਾਉਣ ਦਾ ਅੰਤਮ ਪੜਾਅ ਕਾਠੀ ਹੁੰਦੀ ਸੀ। ਜਦੋਂ ਅਸੀਂ ਕਾਠੀ ਤੇ ਬੈਠ ਜਾਣਾ, ਲੱਤ ਤਾਂ ਉਦੋਂ ਵੀ ਪੈਡਲ ਤੱਕ ਨਹੀਂ ਪਹੁੰਚਦੀ ਸੀ। ਪਰ ਜਦੋਂ ਪੈਡਲ ਉੱਪਰ ਆਉਂਦਾ ਤਾਂ ਪੈਰ ਕ੍ਰਮਵਾਰ ਉਸ ਨੂੰ ਧੱਕਦੇ ਰਹਿੰਦੇ । ਇਸ ਤਰ੍ਹਾਂ ਅਸੀਂ ਕਾਠੀ ਤੇ ਬੈਠ ਕੇ ਸਾਈਕਲ ਚਲਾਉਣਾ ਸਿੱਖ ਗਏ। ਸਾਈਕਲ ਚਲਾਉਣਾ ਸਿੱਖਣ ਦੀ ਇਹ ਖੁਸ਼ੀ ਅੱਜ ਕੱਲ੍ਹ ਮਿਲਣ ਵਾਲੇ ਪੱਕੇ ਲਾਇਸੈਂਸ ਤੋਂ ਕਿਧਰੇ ਵੀ ਘੱਟ ਨਹੀਂ ਸੀ। ਅੱਜ-ਕੱਲ੍ਹ ਤਾਂ ਕੈਂਚੀ,ਡੰਡਾ ,ਕਾਠੀ ਅਲੋਪ ਹੀ ਹੋ ਚੁੱਕੀ ਹੈ ਕਿਉਂਕਿ ਹੁਣ ਹਰ ਬੱਚੇ ਦੀ ਉਮਰ ਦੇ ਹਿਸਾਬ ਨਾਲ ਸਾਈਕਲ ਹੈ। ਹੁਣ ਬੱਚੇ ਨੂੰ ਸਾਈਕਲ ਸਿੱਖਣ ਲਈ ਸਿੱਧੀ ਕਾਠੀ ਮਿਲਦੀ ਹੈ ।ਬੱਚਾ ਜਿਵੇਂ-ਜਿਵੇਂ ਵੱਡਾ ਹੁੰਦਾ ਹੈ, ਤਿਵੇਂ-ਤਿਵੇਂ ਸਾਇਕਲ ਵੀ ਇੰਚਾਂ ਦੇ ਹਿਸਾਬ ਨਾਲ ਵੱਡੀ ਹੁੰਦੀ ਜਾਂਦੀ ਹੈ ਤੇ ਛੋਟੀਆਂ ਸਾਈਕਲਾਂ ਕਬਾੜ ਵਿੱਚ ਬਦਲ ਜਾਂਦੀਆਂ ਹਨ। ਪ੍ਰੰਤੂ ਉਸ ਖੂਬਸੂਰਤ ਜ਼ਮਾਨੇ ਵਿਚ ਸਾਈਕਲ ਉਹੀ ਰਹਿੰਦੀ ਸੀ ਤੇ ਪਤਾ ਨਹੀਂ ਕਿੰਨੇ ਬੱਚੇ ਕੈਂਚੀ , ਡੰਡਾ , ਕਾਠੀ ਸਿੱਖ ਕੇ ਸਾਈਕਲ ਸਵਾਰ ਬਣ ਜਾਂਦੇ ਸਨ।

ਕੀ ਤੁਹਾਨੂੰ ਵੀ ਉਹ ਸਭ ਯਾਦ ਹੈ ?....

**ਵਲੋਂ : ਪ੍ਰਿੰਸੀਪਲ ਰੰਧਾਵਾ ਸਿੰਘ**
9417131332

# "ਸਿਵੇ ਦਾ ਧੂੰਆਂ" (ਕਹਾਣੀ)

ਬੀਰਾਂ ਦੀਆਂ ਧਾਹਾਂ ਨਿਕਲ ਗਈਆਂ । ਮਾਂ ਮੰਜੇ ਉੱਤੇ ਅਹਿਲ ਪਈ ਸੀ ।"ਮਾਂ- ,ਮਾਂ ਉੱਠ ਮਾਂ, ਮਾਂ ਇੱਕ ਵਾਰੀ ਤਾਂ ਦੇਖ" । ਉਸਨੇ ਮਾਂ ਨੂੰ ਦੋ ਤਿੰਨ ਵਾਰ ਹਲੂਣਾ ਦਿੱਤਾ,ਪਰ ਮਾਂ ਤਾਂ ਜਣੀ ਕਦੋਂ ਦੀ ਬੇਖਬਰ ਲੰਮੀਆਂ ਵਾਟਾਂ ਹੋ ਤੁਰੀ ਸੀ। ਮਾਂ ਦੇ ਕੋਲ ਕੌਲੀ, ਚਮਚਾ, ਕੁਝ ਪੰਨੇ ਵਿੱਚ ਗੋਲੀਆਂ ਅਤੇ ਪਲਾਸਟਿਕ ਦਾ ਮੇਜ ਪਏ ਸਨ। ਖਿਲਰੀਆਂ ਗੋਲੀਆਂ ਅਤੇ ਡੁੱਲ੍ਹਿਆ ਹੋਇਆ ਪਾਣੀ ਮਾਂ ਦੇ ਆਖਰੀ ਪਲਾਂ ਦੀ ਵਿੱਥਿਆ ਦੱਸਣ ਲਈ ਕਾਫੀ ਸੀ। ਲਿਫੇ ਹੋਏ ਮੰਜੇ ਉੱਤੇ ਮਾਂ ਦਾ ਇੱਕ ਪੈਰ ਦੌਣ ਵਿਚੋਂ ਹੇਠਾਂ ਲਮਕਾ ਰਿਹਾ ਸੀ ਅਤੇ ਦੂਜਾ ਪੈਰ ਸੇਰੂਏ ਦੇ ਉੱਤੇ ਸੀ। ਖੱਬੇ ਪੈਰ ਦੇ ਅੰਗੂਠੇ ਤੇ ਮਾਂ ਨੇ ਕਾਲੇ ਰੰਗ ਦਾ ਧਾਗਾ ਚਾਰ ਪੰਜ ਵਟੇ ਦੇ ਕੇ ਬੰਨ੍ਹਿਆ ਹੋਇਆ ਸੀ। ਮਾਂ ਨੂੰ ਬੀਰਾਂ ਨੇ ਕਈ ਵਾਰ ਕਿਹਾ ਸੀ,

"ਮਾਂ ਇਹ ਧਾਗੇ ਤਵੀਤ ਜੇ ਕਿਉਂ ਬੰਨ੍ਹਦੀ ਹੁੰਨੀ ਆ ? ਇਹ ਕੀ ਪ੍ਰੇਤ ਬੰਨ੍ਹਿਆ ?"

"ਨੀ ਨਹੀਂ ,ਆਹ ਮੱਚੜਾ ਗੋਡਾ ਦੁਖਦਾ , ਤੁਰਿਆ ਨਹੀਂ ਜਾਂਦਾ ,ਤੇਰਾ ਮਾਮਾ ਆਹ ਕਾਲਾ ਧਾਗਾ ਕਰ ਕੇ ਦੇ ਕੇ ਗਿਆ ਸੀ, ਕਹਿੰਦਾ ਸੀ ਭੈਣੇ ਪੁੰਨਿਆ ਨੂੰ ਕੱਚੀ ਲੱਸੀ 'ਚ ਭਿਉਂ ਕੇ ਸੱਤ ਵਾਰ ਆਵਦੇ ਉੱਤੋਂ ਦੀ ਚੁਹਾ ਕੇ ਸੂਰਜ ਵੱਲ ਮੂੰਹ ਕਰਕੇ ਬੰਨ੍ਹ ਲਵੀਂ, ਗਿੱਟੇ ਗੋਡੇ ਉਮਰ ਭਰ ਨਹੀਂ ਦੁਖਣੇ , ਭਾਈ ਮੈਨੂੰ ਤਾਂ ਸਹੁੰ ਵੀਰਾਂ ਦੀ ਰਾਮ ਆ ਉਦੇਂ ਦਾ ।" ਮਾਂ ਜਦੋਂ ਇਹ ਗੱਲ ਦੱਸਦੀ ਤਾਂ ਉਸਦੀਆਂ ਉਮੰਗਾਂ ਖਿੜ ਖਿੜ ਜਾਂਦੀਆਂ। ਨੈਣਾਂ ਦਾ ਪਾਣੀ ਸੰਧੂਰੀ ਭਾਅ ਮਾਰਨ ਲੱਗ ਜਾਂਦਾ। ਮਾਂ ,ਬਚਪਨ ਚੋਂ ਹੁੰਦੀ ਹੋਈ ਜਵਾਨੀ ਦੀਆਂ ਖੂਬਸੂਰਤ ਵਾਦੀਆਂ ਵਿੱਚ ਗੁਆਚ ਜਾਂਦੀ ।

ਮਾਂ ਦਾ ਪੇਕਾ ਪਿੰਡ ਛਿਪਦੇ ਵੱਲ ਚੰਦਭਾਨ ਸੀ। ਉਹ ਤਿੰਨ ਭਰਾਵਾਂ ਦੀ ਇਕਲੌਤੀ ਵੱਡੀ ਭੈਣ ਅਤੇ ਆਪਣੀ ਬਰਾਦਰੀ ਦੇ ਪੰਜ ਛੇ ਘਰਾਂ ਵਿੱਚ ਉਹ ਇਕੱਲੀ ਕੁੜੀ ਸੀ। ਬਹੁਤੀ ਲਾਡਲੀ ਹੋਣ ਕਰਕੇ ਕੋਈ ਵੀ ਉਸਦਾ ਮੂੰਹ ਨਹੀਂ ਸੀ ਫਿਟਕਾਰਦਾ ।ਉਹਨਾਂ ਦੇ ਘਰ ਤੋਂ ਇੱਕ ਘਰ ਸੰਨ੍ਹ ਛੱਡ ਕੇ ਉਸਦੀ ਵੱਡੀ ਮਾਸੀ ਬੁੱਧਾਂ ਦਾ ਘਰ ਸੀ। ਬੁੱਧਾਂ ਦੇ ਆਵਦੇ ਕੋਈ ਔਲਾਦ ਨਹੀਂ ਸੀ, ਉਹ ਸ਼ਿੰਦੋ (ਮਾਂ) ਨੂੰ ਹੀ ਆਪਣੀ ਧੀ ਆਖਦੀ ਸੀ। ਮਾਂ, ਸਾਰਾ ਦਿਨ ਮਾਸੀ ਦੇ ਘਰੇ ਹੀ ਦਰਵਾਜੀ ਵਿੱਚ ਖੱਡੀ ਤੇ ਖੇਸ ਬੁਣਦੀ ਰਹਿੰਦੀ। ਮਾਂ ਭਰ ਜੁਆਨ ਹੋਈ ਤਾਂ ਲੋਹੜਿਆਂ ਦਾ ਰੰਗ ਰੂਪ ਡੁੱਲ੍ਹ-ਡੁੱਲ੍ਹ ਪੈਂਦਾ। ਜਾਗਦੇ ਸੁਪਨੇ ਗੁਲਾਬੀ ਹੋਣ ਲੱਗੇ। ਬਸੰਤ ਰੁੱਤੇ ਖਿੜੇ ਫੁੱਲਾਂ ਦੀ ਵਾਸਨਾ ਦੂਰ ਤੱਕ ਫੈਲ ਜਾਂਦੀ ਹੈ। ਫੁੱਲਾਂ ਉਤੇ ਭੌਰਿਆਂ ਦੀ ਭਿਨਭਨਾਹਟ ਵਾਲਾ ਸੰਗੀਤ ਸਰਾਬੀ ਹੋ ਜਾਂਦਾ ਹੈ ।ਜੈਲੇ ਕੇ ਲੰਗੇ ਸੀਰਾ ਦਾ ਰਾਹ ਬੁੱਧਾਂ ਦੇ ਘਰ ਮੂਹਰਦੀ ਹੋ ਗਿਆ। ਵੇਲੇ ਕੁਵੇਲੇ ਸੀਰਾ ਆ ਕੇ ਕਹਿ ਜਾਂਦਾ

"ਤਾਈ ,ਜੇ ਪੱਠਿਆਂ ਦੀ ਲੋੜ ਹੋਵੇ ਤਾਂ ਨਿਆਈਂ ਚੋਂ ਵੱਢ ਲਿਆਇਓ, ਗੇਜੂ ਹੁੰਦਾ ਉੱਥੇ ਮਜ੍ਹਬੀਆਂ ਦਾ ,ਮੈਂ ਆਪੇ ਕਹਿਦੂੰ ।"

ਸੀਰਾ ਇਹ ਕਹਿੰਦਾ ਕਹਿੰਦਾ ਕੰਧੋਲੀ ਕੋਲ ਜਾ ਖੜ੍ਹਦਾ , ਜਿੱਥੇ ਸ਼ਿੰਦੋ ਕਈ ਵਾਰ ਸੁਆਹ ਨਾਲ ਭਾਂਡੇ ਮਾਂਜ ਰਹੀ ਹੁੰਦੀ,ਕੁਨੱਖੀ ਅੱਖ ਨਾਲ ਉਹ ਸ਼ਿੰਦੋ ਨੂੰ ਤਾੜਦਾ ਤੇ ਫਿਰ ਮੁਸਕੜੀਏਂ ਖਚਰੀ ਹਾਸੀ ਹੱਸਦਾ।ਹੁਣ ਸ਼ਿੰਦੋ ਆਪਣੀ ਮਾਂ ਤੇ ਮਾਸੀ ਨਾਲ ਖੇਤੋਂ ਕੱਖ- ਪੱਠੇ ਖੋਤਣ ਚਲੀ ਜਾਂਦੀ। ਸੀਰਾ ਨਿਆਈਂ ਵਿੱਚ ਕਈ ਵਾਰ ਮੋਟਰ ਤੇ ਪਾਣੀ ਲਾ ਰਿਹਾ ਹੁੰਦਾ। ਉੱਚੀ ਆਵਾਜ ਮਾਰਦਾ " ਤਾਈ , ਆਪਣੇ ਪੱਠੇ ਬਹੁਤ ਨੇ ਐਥੋਂ ਲੈ ਜੋ ," ।ਉਸ ਦਿਨ ਉਹਨਾਂ ਨੂੰ ਪੱਠੇ ਖੋਤਣੇ ਨਾ ਪੈਂਦੇ , ਤੇ ਸ਼ਿੰਦੋ ਪਾਣੀ ਪੀਣ ਦੇ ਬਹਾਨੇ ਇੱਕ ਦੋ ਗੇੜੇ ਮੋਟਰ ਤੇ ਲਾ ਆਉਂਦੀ। ਸ਼ਿੰਦੋ ਹੁਣ ਸੁਰਮਾ ਮਟਕਾਉਣਾ ਸਿੱਖ ਗਈ ਸੀ। ਇੱਕ ਦਿਨ ਭੂਆ ਆਈ ਹੋਈ ਸੀ ।ਸੀਰਾ ਸਿੱਧਾ ਕੰਧੋਲੀ ਕੋਲ ਜਾ ਖੜਿਆ , ਜਿੱਥੇ ਸ਼ਿੰਦੋ ਆਟਾ ਗੁੰਨ੍ਹ ਰਹੀ ਸੀ ।ਉਹਨੇ ਸਰਾਬੀ ਜਿਹੇ ਲਹਿਜੇ ਵਿੱਚ ਕਿਹਾ,"ਕੀ ਹਾਲ ਆ ਪਟੋਲਿਆ ?"

"ਚੁੱਪ ਕਰ , ਭੂਆ ਆਈ ਹੋਈ ਆ" । ਸ਼ਿੰਦੋ ਨੇ ਪਿਆਰ ਦੀ ਘੂਰੀ ਜਿਹੀ ਵੱਟ ਕੇ ਕਿਹਾ। "ਲੈ ਮੈਨੂੰ ਸੁਪਨੇ ਆਉਂਦੇ ਆ , ਤੇਰੀ ਭੂਆ ਆਈ ਦੇ,ਚੱਲ ਕੋਈ ਨਾ , ਭੂਆ ਵੀ ਆਵਦੀ ਆ ,ਕਿਹੜਾ ..." ।ਅੱਧੀ ਗੱਲ ਸੀਰੇ ਦੇ ਮੂੰਹ 'ਚ ਰਹਿ ਗਈ।

"ਹਾਂ ਭਾਈ,ਜਿਉਣ ਜੋਗਿਆ, ਕਿਹੜੇ ਘਰਾਂ 'ਚੋਂ ਆਂ ? , ਮੈਨੂੰ ਸਿਆਣ ਨੀ ਆਈ, ? ਭੂਆ ਬਰਾਂਡੇ ਵਿੱਚੋਂ ਉੱਠ ਕੇ ਬਾਹਰ ਆ ਗਈ।

ਚਾਚੀ ਨੇ ਮਾਂ ਦੇ ਮੰਜੇ ਨਾਲ ਗੁੰਮ ਸੁੰਮ ਬੈਠੀ ਬੀਰਾਂ ਨੂੰ ਹਲੂਣਾ ਦਿੱਤਾ। "ਲੈ ਧੀਏ , ਨਵ੍ਹਿਆ ਦੀਏ ਹੁਣ ਕੌਣੀ ਵਾਲੇ ਵੀ ਆ ਗੇ " । ਬੀਰਾਂ ਇੱਕਦਮ ਝੁੰਜਲਾਈ। ਮਾਂ (ਸ਼ਿੰਦੋ)ਅਹਿਲ ਪਈ ਸੀ । ਮਾਂ ਦਾ ਮੰਜਾ ਚੁੱਕ ਕੇ ਲੈ ਗਏ । ਬੀਰਾਂ ਫਿਰ ਪਿੱਛੇ ਵੱਲ ਮੁੜ ਗਈ। ਭੂਆ ਨੇ ਸ਼ਿੰਦੋ ਵਾਸਤੇ ਮੁੰਡਾ ਦੇਖਿਆ ਅਤੇ ਆਪਣੇ ਭਰਾ ਨੂੰ ਸਾਕ ਕਰਨ ਲਈ ਮਨਾ ਲਿਆ,ਪਰ ਮਾਸੀ ਬੁੱਧਾਂ ਨੇ ਤਾਂ ਕਿਤੇ ਹੋਰ ਹੀ ਸ਼ਿੰਦੋ ਦੇ ਰਿਸਤੇ ਨੂੰ ਹਾਂ ਕਰ ਰੱਖੀ ਸੀ। ਭੂਆ ਸਾਕ ਲੈ ਗਈ। ਸ਼ਿੰਦੋ ਦੇ ਘਰ ਵਾਲਾ ਮੁੰਡਾ ਬੜਾ ਸਾਊ ,ਸੈਲ ਤੇ ਸੁਨੱਖਾ ਸੀ। ਵਿਆਹ ਵਾਲੇ ਦਿਨ ਜਦੋਂ ਸ਼ਿੰਦੋ ਦੀ ਡੋਲੀ ਤੁਰੀ ਤਾਂ ਉਸ ਨੂੰ ਲੱਗਿਆ ਜਿਵੇਂ ਉਸ ਨੂੰ ਜੇਲ੍ਹ ਵਿੱਚ ਲਿਜਾਅ ਰਹੇ ਹੋਣ। ਉਹ ਆਪਣੀ ਮਾਂ, ਮਾਸੀ, ਭਰਾਵਾਂ ਦੇ ਗੱਲ ਲੱਗ ਉੱਚੀ ਉੱਚੀ ਰੋ ਰਹੀ ਸੀ ਤੇ ਹੌਕੇ ਭਰ ਰਹੀ ਸੀ। ਸ਼ਿੰਦੋ ਨੂੰ ਡੋਲੀ 'ਚੋਂ ਲਾਹਿਆ ,"ਹੈਂ , ਭੂਆ ਤਾਂ ਕਹਿੰਦੀ ਸੀ ਕਬੀਲਦਾਰੀ ਚੰਗੀ ਆ ,ਇਹ ਦੋ ਛਤੜੇ ਬਸ" ਸ਼ਿੰਦੋ ਦਾ ਤ੍ਰਆਹ ਨਿਕਲ ਗਿਆ। ਸਿੰਦੋ ਦੇ ਘਰਵਾਲੇ ਦਾ ਧਰਤੀ ਪੈਰ ਨਹੀਂ ਸੀ ਲੱਗਦਾ। ਉਸਨੇ ਸੋਚਿਆ ਉਸ ਲਈ ਦੁਨੀਆਂ ਦਾ ਸਾਰਾ ਸਵਰਗ ਜਿਵੇਂ ਉਹਨੂੰ ਮਿਲ ਗਿਆ ਹੋਵੇ। ਉਸਨੇ ਹੌਲੀ ਦੇਣੇ ਸ਼ਿੰਦੋ ਦਾ ਹੱਥ ਫੜ ਕੇ ਕਿਹਾ,"ਇਹ ਘਰ ਹੁਣ ਅੱਜ ਤੋਂ ਤੇਰਾ ਹੈ,ਤੇ ਮੈਂ ਵੀ.." ।ਉਹ ਕੁੱਝ ਹੋਰ ਕਹਿਣ ਹੀ ਲੱਗਾ ਸੀ ਕਿ ਸ਼ਿੰਦੋ ਨੇ ਝਣਕਾਕੇ ਆਪਣਾ ਹੱਥ ਪਿੱਛੇ ਵੱਲ ਖਿੱਚ ਲਿਆ ।ਦਿਨ ਬੀਤਦੇ ਗਏ,ਸਾਲ ਲੰਘਦੇ ਗਏ। ਸ਼ਿੰਦੋ ਦੇ ਘਰ ਦੋ ਬੇਟੀਆਂ ਤੇ ਇੱਕ ਬੇਟੇ ਨੇ ਜਨਮ ਲਿਆ। ਬੀਰਾਂ ਸਾਰੇ ਭੈਣ ਭਰਾਵਾਂ ਵਿਚੋਂ ਵੱਡੀ ਸੀ ।ਉਸਤੋਂ ਛੋਟੀ ਨਿੱਕੀ ਅਤੇ ਸਭ ਤੋਂ ਛੋਟਾ ਮੀਤਾ। ਬੱਚੇ ਵੱਡੇ ਹੋਏ ਤਾਂ ਆਪਣੇ ਪਿਤਾ ਦੀ ਹੂਬਹੂ ਤਸਵੀਰ ਸਨ। ਬੀਰਾਂ ਨੂੰ ਯਾਦ ਆ ਰਿਹਾ ਸੀ ਕਿ ਇੱਕ ਵਾਰ ਨਾਨੀ, ਮਾਂ ਸ਼ਿੰਦੋ ਨੂੰ ਨਾਨਕੇ ਲਿਜਾਣ ਵਾਸਤੇ ਲੈਣ ਆਈ। ਪਾਪਾ ਨੇ ਮਾਂ ਨੂੰ ਕਿਹਾ, "ਆਪਾਂ , ਐਤਵਾਰ ਨੂੰ ਚੱਲਾਂਗੇ, ਤੂੰ ਮਾਤਾ ਨੂੰ ਕਹਿਦੇ" ।

"ਮੈਂ ਤੇਰੀ ਮੁੱਲ ਲਿਆਂਦੀ ਹਾਂ, ਜਾਂ ਤੇਰੀ ਗੁਲਾਮ ਆਂ, ਮੇਰੀ ਮਾਂ ਲੈਣ ਆਈ ਆ, ਮੈਂ ਤਾਂ ਜਾਊਂਗੀ, ਤੂੰ ਸਾਂਭ ਆਵਦੇ ਜਵਾਕਾਂ ਨੂੰ, ਚੱਲ ਮਾਂ ਆਪਾਂ ਨੂੰ ਪੰਜ ਵਜੇ ਵਾਲਾ ਟੈਂਪੂ ਮਿਲਜੂ" । ਤੇ ਬੀਰਾਂ ਕਿੰਨਾ ਡਰ ਗਈ ਸੀ। ਕਿੰਨਾ ਚਿਰ ਪਥਰਾਈਆਂ ਅੱਖਾਂ ਨਾਲ ਮਾਂ ਨੂੰ ਦੇਖਦੀ ਰਹੀ ਸੀ ।ਪਾਪਾ ਤਾਂ ਕੁੱਝ ਬੋਲ ਹੀ ਨਹੀਂ ਰਿਹਾ ਸੀ, ਸਗੋਂ ਸ਼ਿੰਦੋ ਦੀਆਂ ਲੇਲੜ੍ਹੀਆਂ ਕੱਢੀ ਜਾ ਰਿਹਾ ਸੀ।

ਕਾਸਨੀ ਭਾਅ ਮਾਰਦਾ ਨਿੱਕੀ ਬੂਟੀ ਦਾ ਪਾਇਆ ਸੂਟ ਮਾਂ ਦੇ ਲੋਹੜਿਆਂ ਦਾ ਫਬ ਰਿਹਾ ਸੀ। ਬੀਰਾਂ, ਮਾਂ ਦੇ ਸੀਨੇ ਤੇ ਸਿਰ ਧਰ ਹੱਥ ਫੜ ਕੇ ਚੁੰਮਣ ਲੱਗੀ ।ਮਾਂ ਦੀ ਬਾਂਹ ਉੱਤੇ ਪਿਆ ਸੱਟ ਦਾ ਦਾਗ ਕਾਲਾ ਧੂੰਏਂ ਵਰਗਾ ਹੋ ਗਿਆ ਸੀ। ਇੱਕ ਵਾਰ ਬੀਰਾਂ ਦੇ ਪੁੱਛਣ ਤੇ "ਮਾਂ ਇਹ ਬਾਂਹ ਤੇ ਧੱਬਾ ਜਮਾਂਦਰੂ ਆ ਜਾਂ ਸੱਟ ਦਾ" ?" ਨੀ ਕਾਹਨੂੰ, ਇੱਕ ਵਾਰ ਤੇਰੀ ਨਾਨੀ ਨੇ, ਝੋਟੀ ਸੀ ਸੂਣ ਵਾਲੀ ,ਮੈਨੂੰ ਕਹਿੰਦੀ , ਸ਼ਿੰਦੋ ਤੂੰ ਲੈ ਜਾਹ,ਉਹਨੇ ਸੰਗਲ ਮੇਰੀ ਝੋਲੀ ਪਾ ਦਿੱਤਾ। ਮੈਨੂੰ ਤਾਂ ਝੋਟੀ ਧੂਹ ਕੇ ਲੈਗੀ ,ਆਹ ਸੰਗਲ ਮੇਰੀ ਬਾਂਹ ਤੇ ਫਿਰ ਗਿਆ, ਤੇਰੇ ਪਿਓ ਦੇ ਘਰੇ ਤਾਂ ਭੰਗ ਭੁਜਦੀ ਸੀ , ਤੇਰੇ ਨਾਨਕਿਆਂ ਨੇ ਹੀ ਆਹ ਖੋਲਾ ਛੱਤ ਕੇ ਦਿੱਤਾ ਸੀ" । ਬੀਰਾਂ ਨੂੰ ਪਹਿਲੀ ਵਾਰ ਉਸ ਦਿਨ ਪਾਪਾ ਦੀ ਲਚਾਰੀ ਉੱਤੇ ਤਰਸ ਆਇਆ ਸੀ। ਬੀਰਾਂ ਦਾ ਪਿਓ ਥੋੜ੍ਹੇ ਦਿਨਾਂ ਵਿੱਚ ਹੀ ਸੁੱਕ ਕੇ ਤੀਲਾ ਬਣ ਗਿਆ ਸੀ। ਸਹਿਰ ਵਿੱਚ ਵੱਡੇ ਡਾਕਟਰਾਂ ਨੂੰ ਦਿਖਾਇਆ। ਕੋਈ ਲਾਇਲਾਜ ਬਿਮਾਰੀ ਸੀ। ਚੰਹੁ ਕੁ ਮਹੀਨਿਆਂ ਵਿੱਚ ਹੀ ਬੀਰਾਂ ਦਾ ਪਾਪਾ ਚੱਲ ਵਸਿਆ ਸੀ। ਮਾਂ ਸ਼ਿੰਦੋ ਵੀ ਸੂਗਰ ਦੀ ਮਰੀਜ ਬਣ ਗਈ ਸੀ। ਸੂਗਰ ਕਾਰਨ ਉਸਦੀਆਂ ਹੱਡੀਆਂ ਕਮਜੋਰ ਹੋ ਗਈਆਂ ਸਨ ।ਹੁਣ ਉਹ ਚੱਲਣੋਂ -ਫਿਰਨੋਂ ਰਹਿ ਗਈ ਸੀ ਅਤੇ ਕਈ ਵਾਰ ਜਬਲੀਆਂ ਮਾਰਨ ਲੱਗ ਪਈ ਸੀ,"ਅਖੇ ਮੇਰੀ ਮਾਸੀ ਬੁੱਧਾਂ ਦੀ ਜੇ ਮੇਰਾ ਪਿਓ ਗੱਲ ਮੰਨ ਲੈਂਦਾ ਤਾਂ ਕਹਾਣੀ ਕੁੱਝ ਹੋਰ ਹੀ ਹੋਣੀ ਸੀ,ਭੂਆ ਜੋੜਾਂ 'ਚ ਬਹਿਗੀ " ।

"ਮਾਂ ਕਿਹੜੀ ਗੱਲ " ? ਬੀਰਾਂ ਦੇ ਇਹ ਪੁੱਛਣ ਤੇ ਸ਼ਿੰਦੋ ਚੁੱਪ ਕਰ ਜਾਂਦੀ ।ਮੀਤੇ ਨੇ ਕਈ ਡਾਕਟਰਾਂ ਨੂੰ ਦਿਖਾਇਆ ਸੀ,ਪਰ ਸੂਗਰ ਤੋਂ ਸਿਵਾਏ ਉਹਨੂੰ ਕੋਈ ਸਰੀਰਕ ਬਿਮਾਰੀ ਨਹੀਂ ਸੀ।

ਰਾਤ ਹੀ ਤੇ ਬੀਰਾਂ ਦੀ ਮਾਂ ਨਾਲ ਫੋਨ ਉੱਤੇ ਗੱਲ ਹੋਈ ਸੀ, ਤੇ ਹੱਸਦੀ- ਹੱਸਦੀ ਬੀਰਾਂ ਨੇ ਕਿਹਾ ਸੀ,

"ਕਿਵੇਂ ਆਂ ਫਿਰ ਮਾਂ ?,ਖੇਡਦੀ ਆ ਫੁੱਲਾਂ ਤੇ"

"ਆਹੋ ਮਖੌਲ ਸੁੱਝਦੇ ਆ ਤੈਨੂੰ, ਜੇ ਕਿਤੇ ਉਦੋਂ ਹੀ ਮੈਨੂੰ ਮੇਰੀ ਠੋਹੀ ਤੇ ਛੱਡ ਆਉਂਦੇ ਤਾਂ ...." ।

"ਮਾਂ !- ਠੋਹੀ !ਕਿਹੜੀ ਠੋਹੀ, ? ਕਦੋਂ ਛੱਡ ਆਉਂਦੇ ?" ਬੀਰਾਂ ਨੇ ਤ੍ਰਬਕ ਕੇ ਦੋ ਤਿੰਨ ਸਵਾਲ ਇਕੱਠੇ ਹੀ ਕਰ ਦਿੱਤੇ

"ਚੰਦਭਾਨ, ਮੇਰੇ ਪੇਕਿਆਂ ਦੇ , ਜਿੱਦੇਂ ਤੇਰੇ ਪਿਓ ਦਾ ਭੋਗ ਸੀ ,ਭੋਗ ਤੋਂ ਮਗਰੋਂ" ।ਸ਼ਿੰਦੋ ਦੇ ਗੱਲ ਕਰਦਿਆਂ ਹੱਥ ਵਿਚੋਂ ਫੋਨ ਡਿੱਗ ਪਿਆ।

"ਮਾਂ -ਮਾਂ" ।ਉਹਨੇ ਦੋ ਤਿੰਨ ਵਾਰ ਕਿਹਾ ।ਸਵੇਰੇ ਲੋਈ ਪਾਟਦੀ ਸਾਰ ਹੀ ਫੋਨ ਦੀ ਘੰਟੀ ਵੱਜੀ, ਮੀਤਾ ਬੋਲ ਰਿਹਾ ਸੀ, ਬੀਰਾਂ ਮਾਂ ਨਹੀਂ ਰਹੀ।

ਤੇ ਬੀਰਾਂ ਬੁੱਤ ਬਣੀ ਮਾਂ ਦੀ ਅਰਥੀ ਦੇ ਮਗਰ ਮਗਰ ਜਾ ਰਹੀ ਸੀ। ਥੋੜ੍ਹੇ ਚਿਰ ਬਾਅਦ ਸਿਵਿਆਂ ਵਿੱਚੋਂ ਉੱਠਿਆ ਧੂੰਆਂ ਪੁਰਾ ਵਗਦਾ ਹੋਣ ਕਰਕੇ ਛਿਪਦੇ ਵੱਲ ਨੂੰ ਜਾ ਰਿਹਾ ਸੀ।

**ਅੰਮ੍ਰਿਤਪਾਲ ਕਲੇਰ ਚੀਦਾ**
**ਸੰਪ.9915780980, 8699693680**

# ਸਿਆਸਤ ਨੂੰ ਵੋਟਰਾਂ ਨੇ ਨਹੀਂ, ਸਿਆਸੀ ਨੇਤਾਵਾਂ ਨੇ ਦੂਸ਼ਿਤ ਕੀਤੈ

**-ਸਈਦ ਨਕਵੀ**

**ਪੰਜਾਬ ਨੂੰ ਕਾਂਗਰਸ ਤੋਂ ਆਮ ਆਦਮੀ ਪਾਰਟੀ ਨੇ ਖੋਹ ਲਿਆ। ਦਿੱਲੀ ਨਗਰ ਨਿਗਮ ਲਈ ਅੱਡੀ-ਚੋਟੀ ਦਾ ਜ਼ੋਰ ਲੱਗਾ, ਪਰ ਇਸ ਪਾਰਟੀ ਨੇ ਫਿਰ ਬਾਜੀ ਮਾਰ ਲਈ। ਲੈਫਟੀਨੈਂਟ ਗਵਰਨਰ ਦੀ ਨਿਯਮ ਪੁਸਤਿਕਾ ਮੁਤਾਬਕ ਨਿਗਮ ਵਿੱਚ ਚੋਣਾਂ ਦੀ ਜਿੱਤ ਦਾ ਅਰਥ ਇਹ ਨਹੀਂ ਸੀ ਕਿ ਆਮ ਆਦਮੀ ਪਾਰਟੀ ਦਾ ਆਪਣਾ ਮੇਅਰ ਹੋ ਸਕਦਾ ਹੈ। ਨਾਮਜ਼ਦ ਕੀਤੇ ਮੈਂਬਰਾਂ ਨੂੰ ਮੇਅਰ ਦਾ ਅਹੁਦਾ ਆਮ ਆਦਮੀ ਪਾਰਟੀ ਤੋਂ ਖੋਹਣ ਵਾਸਤੇ ਲਿਆਂਦਾ ਗਿਆ।**

ਪਿਛਲੇ ਹਫਤੇ ਤਿੰਨ ਧਮਾਕਿਆਂ ਨੇ ਪੂਰੇ ਦੇਸ਼ ਨੂੰ ਹਿਲਾ ਦਿੱਤਾ। ਕਰਨਾਟਕ ਵਿੱਚ ਵਿਧਾਨ ਸਭਾ ਚੋਣਾਂ ਦੇ ਨਤੀਜੇ ਕਾਂਗਰਸ ਦੇ ਹੱਕ ਵਿੱਚ ਆਏ। ਸੁਪਰੀਮ ਕੋਰਟ ਨੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਨੂੰ ਜੋ ਸ਼ੀਸ਼ਾ ਵਿਖਾਇਆ, ਉਸ ਨਾਲ ਉਨ੍ਹਾਂ ਦਾ ਸਿਰ ਚਕਰਾਉਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਮਹਾਰਾਸ਼ਟਰ ਵਿੱਚ ਉਥੋਂ ਦੇ ਸਾਬਕਾ ਗਵਰਨਰ ਤੇ ਵਿਧਾਨ ਸਭਾ ਦੇ ਸਪੀਕਰ ਬਾਰੇ ਵੀ ਫੈਸਲਾ ਦਿੱਤਾ ਕਿ ਦੋਵਾਂ ਨੇ ਬੇਈਮਾਨੀ ਕੀਤੀ ਸੀ। ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਾਂਗ ਕੁਝ ਚੋਣਵੇਂ ਆਗੂਆਂ ਨੂੰ ਲਗਾਤਾਰ ਲੈਫਟੀਨੈਂਟ ਗਵਰਨਰ ਹੱਥੋਂ ਅਪਮਾਨ ਸਹਿਣਾ ਪਿਆ ਹੈ। ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਹਿੰਮਤ, ਸੁਧਾਰ ਤੇ ਸਹਿਣਸ਼ੀਲਤਾ ਵਿਖਾਉਣ ਲਈ ਸਨਮਾਨਤ ਕੀਤਾ ਹੈ। ਸਾਲ 2013 ਵਿੱਚ ਦਿੱਲੀ ਵਿਧਾਨ ਸਭਾ ਦੀਆਂ ਆਪਣੀਆਂ ਪਹਿਲੀਆਂ ਚੋਣਾਂ ਵਿੱਚ ਕੇਜਰੀਵਾਲ 28 ਸੀਟਾਂ ਨਾਲ ਸਭ ਤੋਂ ਵੱਡੀ ਸਿੰਗਲ ਪਾਰਟੀ ਵਜੋਂ ਉਭਰੇ ਸਨ। ਤਿੰਨ ਵਾਰ ਸੱਤਾ ਉੱਤੇ ਕਾਬਜ਼ ਰਹੀ ਕਾਂਗਰਸ ਨੇ ਉਸ ਨੂੰ ਗੱਠਜੋੜ ਵਿੱਚ ਉਲਝਾ ਦਿੱਤਾ। 'ਹਮ ਤੋ ਡੂਬੇ ਹੈਂ ਸਨਮ, ਤੁਮਕੋ ਭੀ ਲੇ ਡੂਬੇਂਗੇ' (ਮੈਂ ਤਾਂ ਡੁੱਬ ਰਿਹਾ ਹਾਂ, ਪਰ ਤੁਹਾਨੂੰ ਵੀ ਆਪਣੇ ਨਾਲ ਲੈ ਕੇ ਡੁੱਬਾਂਗਾ)। ਕਾਂਗਰਸ ਨਾਲ ਗੱਠਜੋੜ ਕਰਨ ਨਾਲ ਆਮ ਆਦਮੀ ਪਾਰਟੀ ਦੀ ਤਾਜ਼ਗੀ ਅਤੇ ਚਮਕ ਕੁਝ ਘੱਟ ਹੋ ਜਾਵੇਗੀ। ਦਿੱਲੀ ਕਾਂਗਰਸ ਦੇ ਉਸ ਵੇਲੇ ਦੇ ਪ੍ਰਧਾਨ ਅਰਵਿੰਦਰ ਸਿੰਘ ਲਵਲੀ ਨੇ ਕਿਹਾ ਕਿ ਜਦੋਂ ਤੱਕ ਉਹ ਨਸ਼ਟ ਨਹੀਂ ਹੋ ਜਾਂਦੇ, ਅਸੀਂ ਉਨ੍ਹਾਂ ਦੇ ਗੱਠਜੋੜ ਦਾ ਸ਼ਿਕੰਜਾ ਕੱਸਦੇ ਰਹਾਂਗੇ। ਲਵਲੀ ਹੀ ਨਹੀਂ, ਹਰ ਕਾਂਗਰਸੀ, ਭਾਜਪਾ ਦੇ ਹਰ ਅਹੁਦੇਦਾਰ ਦਾ ਸੁਫਨਾ ਸੀ ਕਿ ਇਸ ਪਾਰਟੀ ਨੂੰ ਗੈਰ ਸਰਗਰਮ, ਅਸਮਰਥ ਤੇ ਜ਼ੀਰੋ ਵਿੱਚ ਬਦਲ ਦਿੱਤਾ ਜਾਵੇ। ਆਮ ਆਦਮੀ ਪਾਰਟੀ ਦਾ ਅਚਾਨਕ ਉਭਰਨਾ ਤੇ ਵਧਣਾ ਉਨ੍ਹਾਂ ਲਈ ਡਰਾਉਣਾ ਸੀ।

ਫਰਵਰੀ 2015 ਦੇ ਨਤੀਜਿਆਂ ਨੇ ਨਾ ਸਿਰਫ ਦਿੱਲੀ ਵਿੱਚ ਦੋ ਸ਼ਾਸਕੀ ਵਰਗ ਪਾਰਟੀਆਂ ਨੂੰ, ਸਗੋਂ ਪੂਰੇ ਕੌਮੀ ਸਿਆਸੀ ਸਪੈਕਟਰਮ ਨੂੰ ਝਟਕਾ ਦਿੱਤਾ। ਆਮ ਆਦਮੀ ਪਾਰਟੀ ਨੂੰ ਸੱਤਰ ਵਿੱਚੋਂ 67 ਸੀਟਾਂ ਮਿਲੀਆਂ, ਜੋ ਇੱਕ ਅਟੁੱਟ ਰਿਕਾਰਡ ਰਿਹਾ। ਇਸ ਰਿਕਾਰਡ ਤੋੜ ਪ੍ਰਦਰਸ਼ਨ ਨੇ ਅਸੁਰੱਖਿਆ ਨੂੰ ਪ੍ਰੇਰਿਤ ਕੀਤਾ। ਭਾਜਪਾ ਤੋਂ ਵੱਧ ਕਾਂਗਰਸ ਉਸ ਨੂੰ ਨਫਰਤ ਕਰਦੀ ਸੀ, ਕਿਉਂਕਿ ਉਸ ਨੇ ਉਸ ਨੂੰ ਉਜਾੜ ਦਿੱਤਾ ਸੀ। ਉਸੇ ਤਰ੍ਹਾਂ ਭਾਜਪਾ ਨੂੰ ਕਾਂਗਰਸ ਨਾਲ ਵਧੇਰੇ ਨਫਰਤ ਸੀ। ਭੁਲੇਖਾ-ਭਾਊ ਪੂੰਜੀਵਾਦੀ ਢਾਂਚੇ ਵਿੱਚ ਸਥਾਪਤ ਇਸ ਦੀਆਂ ਸਮਾਜ ਭਲਾਈ ਦੀਆਂ ਨੀਤੀਆਂ ਭਾਜਪਾ ਦੇ ਕਾਰਪੋਰੇਟ ਹਮਾਇਤੀਆਂ ਲਈ ਖਤਰਾ ਸਨ। ਆਮ ਆਦਮੀ ਪਾਰਟੀ ਨੂੰ ਸਭ ਤਰ੍ਹਾਂ ਦੇ ਯਤਨਾਂ ਨਾਲ ਰੋਕਣਾ ਪਿਆ।

ਚੁਣੀ ਹੋਈ ਸਰਕਾਰ ਨੂੰ ਚੂਰ-ਚੂਰ ਕਰਨ ਲਈ ਜੋ ਚੀਜ਼ ਸਭ ਤੋਂ ਵੱਧ ਕੰਮ ਆਈ, ਉਹ ਸੀ ਜਸਟਿਸ ਅਸ਼ੋਕ ਭੂਸ਼ਣ ਦਾ 2019 ਦਾ ਵੰਡਵਾਂ ਫੈਸਲਾ। ਭੂਸ਼ਣ ਨੇ ਕਿਹਾ ਕਿ ਸੇਵਾਵਾਂ ਪੂਰੀ ਤਰ੍ਹਾਂ ਸੂਬਾ ਸਰਕਾਰ ਦੇ ਘੇਰੇ ਤੋਂ ਬਾਹਰ ਹਨ। ਕਲਿਆਣਕਾਰੀ ਉਪਾਵਾਂ ਵਜੋਂ ਸਿੱਖਿਆ, ਸਿਹਤ ਸੰਭਾਲ, ਪਾਣੀ ਤੇ ਬਿਜਲੀ ਦੀ ਵੰਡ ਨੇ ਦੁੱਗਣੇ ਸਮੇਂ ਵਿੱਚ ਸਮਝੌਤਾ ਕੀਤੇ ਗਏ ਸਿਆਸੀ ਵਰਗ ਦਾ ਹੌਸਲਾ ਤੋੜਿਆ। ਲੈਫਟੀਨੈਂਟ ਗਵਰਨਰ ਹਰਕਤ ਵਿੱਚ ਆਏ ਅਤੇ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਲਈ ਕੋਈ ਬਿੰਦੂ ਨਹੀਂ, ਘਰ-ਘਰ ਜਾ ਕੇ ਖਾਣ-ਪੀਣ ਦੇ ਸਾਮਾਨ ਦੀ ਡਲਿਵਰੀ ਰੋਕ ਦਿੱਤੀ ਜਾਵੇਗੀ, ਪਰ ਗਰੀਬਾਂ ਵਿਚਾਲੇ ਇਸ ਪਾਰਟੀ ਦੀ ਲੋਕਪ੍ਰਿਅਤਾ ਵਧਾਉਣ ਦੇ ਕਿਸੇ ਵੀ ਉਪਾਅ ਨੂੰ ਨਾਕਾਮ ਕਰ ਦਿੱਤਾ ਜਾਵੇਗਾ।

ਫਿਰ ਪੰਜਾਬ ਨੂੰ ਕਾਂਗਰਸ ਤੋਂ ਆਮ ਆਦਮੀ ਪਾਰਟੀ ਨੇ ਖੋਹ ਲਿਆ। ਦਿੱਲੀ ਨਗਰ ਨਿਗਮ ਲਈ ਅੱਡੀ-ਚੋਟੀ ਦਾ ਜ਼ੋਰ ਲੱਗਾ, ਪਰ ਇਸ ਪਾਰਟੀ ਨੇ ਫਿਰ ਬਾਜੀ ਮਾਰ ਲਈ। ਲੈਫਟੀਨੈਂਟ ਗਵਰਨਰ ਦੀ ਨਿਯਮ ਪੁਸਤਿਕਾ ਮੁਤਾਬਕ ਨਿਗਮ ਵਿੱਚ ਚੋਣਾਂ ਦੀ ਜਿੱਤ ਦਾ ਅਰਥ ਇਹ ਨਹੀਂ ਸੀ ਕਿ ਆਮ ਆਦਮੀ ਪਾਰਟੀ ਦਾ ਆਪਣਾ ਮੇਅਰ ਹੋ ਸਕਦਾ ਹੈ। ਨਾਮਜ਼ਦ ਕੀਤੇ ਮੈਂਬਰਾਂ ਨੂੰ ਮੇਅਰ ਦਾ ਅਹੁਦਾ ਆਮ ਆਦਮੀ ਪਾਰਟੀ ਤੋਂ ਖੋਹਣ ਵਾਸਤੇ ਲਿਆਂਦਾ ਗਿਆ। ਹਾਊਸ ਵਿੱਚ ਹੱਥੋਪਾਈ ਸ਼ੁਰੂ ਹੋਈ ਅਤੇ ਲੈਫਟੀਨੈਂਟ ਗਵਰਨਰ 'ਨੀਰੋ' ਵਾਂਗ ਵੇਖਦੇ ਰਹੇ।

ਕੇਂਦਰ ਸਰਕਾਰ ਤੇ ਉਸ ਦੇ ਪ੍ਰਤੀਨਿਧੀ ਲੈਫਟੀਨੈਂਟ ਗਵਰਨਰ ਵਿਰੁੱਧ ਸ਼ਿਕਾਇਤਾਂ ਦੀ ਅਰਵਿੰਦ ਕੇਜਰੀਵਾਲ ਦੀ ਸੂਚੀ ਇੱਕ ਦੁਰਲੱਭ ਦਸਤਾਵੇਜ਼ ਹੋਵੇਗਾ। ਵਿਦੇਸ਼ਾਂ ਵਿੱਚ ਵੱਕਾਰੀ ਸੰਮੇਲਨਾਂ ਵਿੱਚ ਹਿੱਸਾ ਲੈਣ ਤੋਂ ਅਰਵਿੰਦ ਕੇਜਰੀਵਾਲ ਨੂੰ ਰੋਕਿਆ ਗਿਆ। ਇੱਕ ਚੰਗੀ ਖਬਰ ਦੂਜੇ ਦਿਨ ਮਾੜੀ ਹੋ ਜਾਂਦੀ ਸੀ। ਰਾਊਜ ਐਵੇਨਿਊ ਕੋਰਟ ਨੇ ਸ਼ਰਾਬ ਲਾਇਸੈਂਸ ਘਪਲੇ ਵਿੱਚ ਗ੍ਰਿਫਤਾਰ ਕੀਤੇ ਦੋ ਜਣਿਆਂ ਨੂੰ ਜ਼ਮਾਨਤ ਉੱਤੇ ਛੱਡ ਦਿੱਤਾ ਹੈ। 85 ਸਫਿਆਂ ਦੇ ਹੁਕਮ ਵਿੱਚ ਕੋਈ ਵਿੱਤੀ ਗੜਬੜ ਨਹੀਂ ਲੱਭੀ। 100 ਕਰੋੜ ਰੁਪਏ ਆਮ ਆਦਮੀ ਪਾਰਟੀ ਵੱਲੋਂ ਗੋਆ ਮੁਹਿੰਮ ਲਈ ਡਾਇਵਰਟ ਕੀਤੇ ਦੱਸੇ ਗਏ ਸਨ। ਕੇਜਰੀਵਾਲ ਦੇ ਦੂਜੇ ਨੰਬਰ ਦੇ ਆਗੂ ਮਨੀਸ਼ ਸਿਸੋਦੀਆ ਅਤੇ ਮੰਤਰੀ ਸਤੇਂਦਰ ਜੈਨ ਜਲਦੀ ਹੀ ਜ਼ਮਾਨਤ ਉੱਤੇ ਬਾਹਰ ਆ ਸਕਦੇ ਹਨ। ਦੋਵਾਂ ਵਿਰੁੱਧ ਕੁਝ ਵੀ ਗਲਤ ਸਾਬਤ ਨਹੀਂ ਹੋ ਸਕਿਆ।

ਆਖਰ ਸੱਤਾ ਇੱਕ ਅਜਿਹੀ ਪਾਰਟੀ ਕੋਲ ਆ ਗਈ ਹੈ, ਜਿਸ ਨੇ ਰਿਕਾਰਡ ਸਮੇਂ ਵਿੱਚ ਆਪਣੀ ਸਥਾਪਨਾ ਦੇ 10 ਸਾਲ ਬਾਅਦ ਕੌਮੀ ਪਾਰਟੀ ਦਾ ਦਰਜਾ ਹਾਸਲ ਕਰ ਲਿਆ ਹੈ। ਭਾਰਤ ਵਿੱਚ ਸਿਆਸੀ ਪਾਰਟੀਆਂ ਆਪਣੇ ਚੋਣ ਹਲਕਿਆਂ ਨੂੰ ਮਜ਼ਬੂਤ ਕਰਨ ਲਈ ਸਮਾਂ ਲੈਂਦੀਆਂ ਹਨ। ਆਮ ਆਦਮੀ ਪਾਰਟੀ ਵੱਖਰੀ ਧਿਰ ਹੈ, ਕਿਉਂਕਿ ਹੋਰ ਪਾਰਟੀਆਂ ਇਸ ਨੂੰ ਖਤਰਨਾਕ ਮੰਨਦੀਆਂ ਹਨ। ਇੱਕ ਵਿਹਾਰਕ ਕਲਿਆਣਵਾਦ ਲਈ ਆਮ ਆਦਮੀ ਪਾਰਟੀ ਨੇ ਲੰਗਰ ਪਾਇਆ। ਉਹ ਇੱਕ ਵਿਚਾਰਧਾਰਾ ਨਾਲ ਘਿਰੀ ਹੋਈ ਨਹੀਂ, ਉਸ ਲਈ ਲਾਭ ਅਤੇ ਰੁਕਾਵਟ ਦੋਵੇਂ ਹਨ। ਮਿਸਾਲ ਵਜੋਂ 2020 ਵਿੱਚ ਉੱਤਰ-ਪੂਰਬੀ ਦਿੱਲੀ ਵਿੱਚ ਹੋਏ ਫਿਰਕੂ ਦੰਗਿਆਂ ਦੌਰਾਨ ਮੁਸਲਮਾਨਾਂ ਦੀ ਕਿਸਮਤ ਪ੍ਰਤੀ ਪਾਰਟੀ ਦੀ ਉਦਾਸੀਨਤਾ ਸੀ। ਇਸ ਦੌਰਾਨ ਪਾਰਟੀ ਨੂੰ ਮੁਸਲਮਾਨਾਂ ਤੋਂ ਪੂਰੀ ਤਰ੍ਹਾਂ ਵੱਖ ਕਰ ਦਿੱਤਾ ਗਿਆ। ਮੰਦਰ ਦੇ ਤਾਲੇ ਖੁੱਲ੍ਹਣ, ਨੀਤੀ ਵਜੋਂ ਰਾਮਰਾਜ ਦਾ ਐਲਾਨ ਤੇ ਅੰਤ ਵਿੱਚ ਮਸਜਿਦ ਡੇਗੇ ਜਾਣ ਕਾਰਨ ਭਾਈਚਾਰਾ ਪਹਿਲਾਂ ਤੋਂ ਨਿਰਾਸ਼ ਸੀ। ਇਸ ਸਭ ਨੇ ਫੈਸਲਾਕੁੰਨ ਢੰਗ ਨਾਲ ਮੁਸਲਮਾਨਾਂ ਨੂੰ ਕਾਂਗਰਸ ਤੋਂ ਦੂਰ ਕੀਤਾ। ਅਸਲ ਵਿੱਚ ਮੁਸਲਮਾਨਾਂ ਨੇ ਕਾਂਗਰਸ ਨਾਲੋਂ ਸਮੂਹਿਕ ਤੌਰ ਉੱਤੇ ਤੋੜ ਵਿਛੋੜਾ ਕਰ ਲਿਆ। ਅਜਿਹੇ ਸਮੇਂ ਜਦੋਂ ਕਾਂਗਰਸ ਸਟੇਜ ਉੱਤੇ ਇਕੱਲੀ ਮੁਸਲਮਾਨਾਂ ਨਾਲ ਵੇਖੇ ਜਾਣ ਤੋਂ ਡਰਦੀ ਹੈ ਕਿਉਂਕਿ ਅਜਿਹਾ ਦ੍ਰਿਸ਼ ਭਾਜਪਾ ਦੇ ਧਰੁਵੀਕਰਨ ਦੀ ਚੱਕੀ ਲਈ ਕੌੜਾ ਹੋਵੇਗਾ, ਕੀ ਵਿਹਾਰਕ ਸਿਆਸਤ ਵਜੋਂ ਆਮ ਆਦਮੀ ਪਾਰਟੀ ਦੀ ਕਤਲਾਂ ਪ੍ਰਤੀ ਉਦਾਸੀਨਤਾ ਢੁੱਕਵੀਂ ਸੀ ?

ਸਿਆਸਤ ਨੂੰ ਵੋਟਰਾਂ ਨੇ ਨਹੀਂ, ਸਿਆਸਤਦਾਨਾਂ ਨੇ ਦੂਸ਼ਿਤ ਕੀਤਾ ਹੈ। ਸੁਪਰੀਮ ਕੋਰਟ ਨੇ ਆਪਣੇ ਕੁਝ ਤਾਜ਼ਾ ਫੈਸਲਿਆਂ ਰਾਹੀਂ ਬਿਨਾਂ ਕਿਸੇ ਸ਼ੱਕ ਇਹ ਸਥਾਪਤ ਕੀਤਾ ਹੈ ਕਿ ਸੰਵਿਧਾਨ ਅਤੇ ਕਾਨੂੰਨ ਦੇ ਰਾਜ ਨੂੰ ਬਣਾਈ ਰੱਖਣ ਲਈ ਸ਼ਕਤੀ ਉਪਲਬਧ ਹੈ। ਇਹ ਸਿਆਸਤਦਾਨ ਹੀ ਹਨ, ਜਿਨ੍ਹਾਂ ਨੂੰ ਇਸ ਸਿਧਾਂਤ ਨੂੰ ਸਮਝਣਾ ਚਾਹੀਦਾ ਹੈ ਕਿ ਜੋ ਲੜਦਾ ਹੈ, ਪਰ ਹਾਰਦਾ ਹੈ, ਅਖੀਰ ਉਹੀ ਜਿੱਤੇਗਾ।

# ਹਾਊਸ ਵਾਈਫ




ਸਵੇਰੇ ਅਲਾਰਮ ਦੀ ਪਹਿਲੀ ਘੰਟੀ ਵੱਜਦੇ ਸਾਰ ਹੀ ਨਿਧੀ ਨੇ ਇੱਕਦਮ ਅਲਾਰਮ ਬੰਦ ਕਰ ਦਿੱਤਾ, ਤਾਂ ਕਿ ਸੁੱਤੇ ਪਏ ਉਸ ਦੇ ਪਤੀ ਰਾਜਨ ਦੀ ਨੀਂਦ ਨਾ ਖਰਾਬ ਹੋ ਜਾਵੇ। ਉਹ ਫਟਾਫਟ ਉੱਠੀ ਤੇ ਬਾਥਰੂਮ 'ਚ ਫਰੈੱਸ਼ ਹੋਣ ਉਪਰੰਤ ਗੈਸ ਉੱਤੇ ਚਾਹ ਧਰ ਦਿੱਤੀ। ਇਸੇ ਦੌਰਾਨ ਉਹ ਆਟਾ ਗੁੰਨ੍ਹ ਕੇ ਨਾਸਤਾ ਬਣਾਉਣ ਦੀ ਤਿਆਰੀ ਵਿੱਚ ਜੁੱਟ ਗਈ। ਸੁੱਤੇ ਪਏ ਰਾਜਨ ਨੂੰ ਜਗਾ ਕੇ ਬੈਡ ਟੀ ਦਿੱਤੀ ਤੇ ਉਸ ਦੇ ਨਹਾਉਣ ਲਈ ਤੌਲੀਆ ਵਗੈਰਾ ਉਸ ਦੇ ਕੋਲ ਰੱਖ ਦਿੱਤਾ। ਰਾਜਨ ਦੇ ਨਹਾਉਣ ਤੋਂ ਵਾਪਿਸ ਆਉਣ ਤੇ ਤਿਆਰ ਹੋਣ ਤੱਕ ਉਸ ਨੇ ਨਾਸਤਾ ਮੇਜ਼ 'ਤੇ ਲਗਾ ਦਿੱਤਾ ਸੀ। ਰਾਜਨ ਨਾਸਤਾ ਕਰਨ ਦੇ ਨਾਲ-ਨਾਲ ਟੀਵੀ 'ਤੇ ਖਬਰਾਂ ਵੀ ਸੁਣ ਰਿਹਾ ਸੀ। ਐਨੇ ਨੂੰ ਨਿਧੀ ਨੇ ਰਾਜਨ ਦੇ ਖਾਣੇ ਵਾਲਾ ਟਿਫਨ ਵੀ ਕੋਲ ਹੀ ਰੱਖ ਦਿੱਤਾ। ਯਾਰ ਕਾਰ ਦੀ ਚਾਬੀ ਕਿੱਥੇ ਹੈ ? ਰਾਜਨ ਨੇ ਕਾਹਲੀ ਜਿਹੀ ਵਿੱਚ ਪੁੱਛਿਆ। ਨਿਧੀ ਜਲਦੀ ਜਲਦੀ ਚਾਬੀ ਲੱਭਣ ਲੱਗੀ, ਜੋ ਕਿ ਉਸ ਦੀ ਕੱਲ੍ਹ ਵਾਲੀ ਪੈਂਟ ਦੀ ਜੇਬ ਵਿੱਚ ਹੀ ਪਈ ਸੀ।

ਰਾਜਨ ਦੇ ਦਫਤਰ ਜਾਣ ਉਪਰੰਤ ਨਿਧੀ ਨੇ ਨਾਸਤਾ ਕੀਤਾ ਤੇ ਉਸ ਉਪਰੰਤ ਫਰਨੀਚਰ ਤੇ ਹੋਰ ਏਧਰ ਉਧਰ ਪਏ ਸਮਾਨ ਦੀ ਸੈਟਿੰਗ ਕਰਨ ਤੋਂ ਇਲਾਵਾ ਝਾੜੂ-ਪੋਚੇ ਵਿੱਚ ਰੁੱਝ ਗਈ। 11 ਕੁ ਵਜੇ ਉਸਨੇ ਧੋਣ ਵਾਲੇ ਕੱਪੜੇ ਇਕੱਠੇ ਕਰ ਮਸੀਨ ਚਲਾ ਦਿੱਤੀ ਤੇ ਆਪਣੇ ਲਈ ਚਾਹ ਦਾ ਕੱਪ ਗੈਸ ਉੱਤੇ ਰੱਖ ਦਿੱਤਾ। ਚਾਹ ਪੀਣ ਤੇ ਕੋਠੇ 'ਤੇ ਕਪੜੇ ਸੁਕਣੇ ਪਾਉਂਦੇ ਨੂੰ 1 ਵੱਜ ਗਿਆ। ਨਹਾਉਣ ਉਪਰੰਤ ਨਿਧੀ ਆਪਣੇ ਬੈਡਰੂਮ ਵਿਚ ਟੈਲੀਵਿਜਨ ਆਨ ਕਰਕੇ ਪਿੱਠ ਸਿੱਧੀ ਕਰਨ ਲਈ ਹਾਲੇ ਲੇਟੀ ਹੀ ਸੀ ਕਿ ਦਫਤਰ ਤੋਂ ਰਾਜਨ ਦਾ ਫੋਨ ਆ ਗਿਆ।

ਉਸ ਨੇ ਲਗਭਗ ਫਰਮਾਨ ਸੁਣਾਉਂਦਿਆਂ ਨਿਧੀ ਨੂੰ ਕਿਹਾ ਕਿ ਉਸਦਾ ਬੌਸ ਤੇ ਉਸ ਦੀ ਪਤਨੀ ਰਾਤੀ ਖਾਣੇ 'ਤੇ ਆ ਰਹੇ ਹਨ, ਇਸ ਲਈ ਖਾਣੇ ਵਿੱਚ ਵਧੀਆ ਡਿਸ਼ਾਂ ਤਿਆਰ ਰੱਖੀਂ ਤੇ ਨਾਲੇ ਆਪ ਵੀ ਤਿਆਰ ਰਹੀਂ। ਬੌਸ ਪਹਿਲੀ ਵਾਰ ਘਰ ਆ ਰਿਹੈ, ਇਸ ਲਈ ਵਧੀਆ ਇੰਪਰੈਸਨ ਪੈਣਾ ਚਾਹੀਦਾ ਹੈ। ਲੇਟਣਾ ਭੁੱਲਕੇ ਉਹ ਰਾਤ ਦੇ ਖਾਣੇ ਦੀ ਤਿਆਰੀ ਵਿੱਚ ਜੁੱਟ ਗਈ। ਉਸਨੇ ਕਈ ਵੰਨ-ਸਵੰਨੀਆਂ ਡਿਸ਼ਾਂ ਤਿਆਰ ਕੀਤੀਆਂ ਅਤੇ ਆਪ ਵੀ ਤਿਆਰ ਹੋ ਕੇ ਉਨ੍ਹਾਂ ਦੀ ਉਡੀਕ ਕਰਨ ਲੱਗੀ।

ਮਿਥੇ ਸਮੇਂ 'ਤੇ ਉਹ ਤਿੰਨੇ ਪਹੁੰਚ ਗਏ। ਰਸਮੀ ਜਾਣ-ਪਛਾਣ ਉਪਰੰਤ ਨਿਧੀ ਨੇ ਖਾਣਾ ਲਗਾ ਦਿੱਤਾ ਤੇ ਉਹ ਸਾਰੇ ਖਾਣਾ ਖਾਣ ਲੱਗੇ। ਨਿਧੀ ਦੇ ਹੱਥਾਂ 'ਚ ਪਤਾ ਨਹੀਂ ਕੀ ਜਾਦੂ ਸੀ ਕਿ ਉਹ ਖਾਣਾ ਬਹੁਤ ਸੁਆਦ ਬਣਾਉਂਦੀ ਸੀ। ਵਾਹ ਭਾਬੀ ਜੀ, ਖਾਣਾ ਤਾਂ ਬਹੁਤ ਹੀ ਸਵਾਦਿਸਟ ਬਣਾਇਆ ਤੁਸੀਂ, ਕਿਊਂ ਸ਼ਾਲੂ। ਬਾਸ ਨੇ ਨਿਧੀ ਦੇ ਖਾਣੇ ਦੀ ਤਾਰੀਫ ਕਰਦਿਆਂ ਆਪਣੀ ਪਤਨੀ ਵੱਲ ਦੇਖਦਿਆਂ ਕਿਹਾ। ਉਸ ਦੀ ਪਤਨੀ ਨੇ ਵੀ ਹਾਮੀ ਭਰਦਿਆਂ ਕਿਹਾ, ਵਾਕਿਆ ਹੀ, ਖਾਣਾ ਬਹੁਤ ਟੇਸਟੀ ਹੈ, ਥੈਂਕਸ ਨਿਧੀ। ਇਸ ਤਰਾਂ ਹੋਰ ਰਸਮੀ ਗੱਲਾਂ ਕਰਨ ਉਪਰੰਤ ਉਹ ਦੋਵੇਂ ਆਪਣੇ ਘਰ ਵਾਪਸ ਚਲੇ ਗਏ।

ਰਾਜਨ ਦੇ ਘੁਰਾੜਿਆਂ ਦੀ ਅਵਾਜ ਤੋਂ ਬੇਖਬਰ ਬੈਡਰੂਮ ਵਿੱਚ ਪਈ ਨਿਧੀ ਸੋਚ ਰਹੀ ਸੀ ਕਿ ਕਿੱਦਾਂ ਰਾਜਨ ਦੇ ਬੌਸ ਨੇ ਉਸ ਦੇ ਖਾਣੇ ਦੀ ਤਾਰੀਫ ਕਰਦਿਆਂ ਪੁੱਛਿਆ ਸੀ ਕਿ ਤੁਸੀਂ ਵੀ ਕਿਤੇ ਜਾਬ ਕਰਦੇ ਹੋ। ਉਸ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਰਾਜਨ ਵਿਚੋਂ ਹੀ ਉਸ ਦੀ ਗੱਲ ਕੱਟਦੇ ਬੋਲਿਆ ਸੀ ਨਹੀਂ ਸਰ, ਇਹ ਤਾਂ ਬਸ 'ਹਾਊਸ ਵਾਈਫ' ਹੈ। ਦਰਅਸਲ ਉਹ ਨਿਧੀ ਦੀ ਤਰੀਫ ਸੁਣ ਕੇ ਕੁਝ ਖਿਝ ਜਿਹਾ ਗਿਆ ਸੀ। ਇਸ ਤੋਂ ਇੱਕਦਮ ਬਾਅਦ ਉਸ ਨੇ ਗੱਲ ਨੂੰ ਬਦਲਦਿਆਂ ਆਪਣੇ ਬੌਸ ਨੂੰ ਕਿਹਾ ਸੀ, ਸਰ ਇੱਕ ਰਿਕੁਐਸਟ ਕਰਨੀ ਸੀ ਤੁਹਾਨੂੰ, ਜੇਕਰ ਬੁਰਾ ਨਾ ਮੰਨੋਂ ਤਾਂ। ਹਾਂ ਹਾਂ, ਬੇਝਿਜਕ ਕਹੋ ਰਾਜਨ। ਸਰ, ਆਫਿਸ ਆਵਰਜ ਤੋਂ ਬਾਅਦ ਦਫਤਰੀ ਕੰਮ ਲਈ ਕਾਲ ਅਟੈਂਡ ਕਰਨੀ ਮੁਸਕਿਲ ਲੱਗਦੀ ਐ, ਕਿਉਂਕਿ 8 ਘੰਟੇ ਕੰਮ ਤੋਂ ਬਾਅਦ ਬਹੁਤਾ ਥੱਕ ਚੁੱਕਿਆ ਹੰਦਾ, ਪਲੀਜ ਸਰ। ਇਟਸ ਓਕੇ, ਨੋ ਪ੍ਰਾਬਲਮ, ਰਾਜਨ, ਅਸੀਂ ਧਿਆਨ ਰੱਖਾਂਗੇ। ਆਪਣੇ ਔਫਿਸ ਆਵਰਸ ਬਾਰੇ ਸੋਚਦੇ-ਸੋਚਦੇ ਨਿਧੀ ਦੀ ਅੱਖ ਲੱਗ ਗਈ, ਜੋ ਕਿ ਦੂਜੇ ਦਿਨ ਸਵੇਰੇ-ਸਵੇਰੇ ਵੱਜੇ ਅਲਾਰਮ ਨਾਲ ਹੀ ਖੁੱਲੀ ਤੇ ਫਿਰ ਉਹੀ ਰੁਟੀਨ ਸ਼ੁਰੂ ਹੋ ਜਾਂਦੈ। ਨਿਧੀ ਨੂੰ ਇਸ ਗੱਲ ਦੀ ਵੀ ਬਖੂਬੀ ਸਮਝ ਸੀ ਕਿ ਉਹ ਤਾਂ ਬੱਸ ਇੱਕ ਹਾਊਸ ਵਾਈਫ ਹੈ, ਇਸ ਲਈ ਉਸ ਦੇ ਕੋਈ ਵੀ ਆਫਿਸ ਆਵਰਜ ਨਹੀਂ ਹਨ।

## ਧੀ - ਧੀ ਵਿੱਚ ਫਰਕ...
## ਮਿੰਨੀ ਕਹਾਣੀ

ਨੀਰੂ ਇੰਗਲੈਂਡ ਵਿੱਚ ਜੰਮੀ ਪਲੀ ਸੀ। ਪਹਿਲੀ ਵਾਰ ਆਪਣੇ ਮਾਂ -ਬਾਪ ਨਾਲ ਪੰਜਾਬ ਆਈ ਸੀ ।ਉਹ ਇਥੋਂ ਦਾ ਮਾਹੌਲ ਦੇਖ ਬਹੁਤ ਖੁਸ਼ ਸੀ ।ਰੰਗ ਬਿਰੰਗੇ ਸੂਟ,ਮਹਿੰਦੀ ਗਿੱਧਾ ਉਸਨੂੰ ਬਹੁਤ ਵਧੀਆ ਲਗ ਰਿਹਾ ਸੀ। ਉਹ ਆਪਣੇ ਮਾਮੇ ਦੇ ਵਿਆਹ ਤੇ ਆਈ ਸੀ। ਬਰਾਤ ਵਾਲੇ ਦਿਨ ਉਸਨੇ ਆਪਣੀ ਮੰਮੀ ਦੇ ਸੂਟ ਨਾਲ ਦਾ ਸੂਟ ਪਾਇਆ ਸੀ ਤੇ ਬਹੁਤ ਸੋਹਣੀ ਲੱਗ ਰਹੀ ਸੀ। ਪੈਲਸ ਵਿੱਚ ਪਹੁੰਚ ਕਿ ਹਰ ਇਕ ਚੀਜ ਦਾ ਆਨੰਦ ਲੈ ਰਹੀ ਸੀ। ਪਰ ਉਸ ਦਾ ਧਿਆਨ ਹਾਲ ਵਿੱਚ ਵੱਜ ਰਿਹਾ ਡੀਜੇ ਆਪਣੇ ਵੱਲ ਆਕਰਸ਼ਿਤ ਕਰ ਰਿਹਾ ਸੀ। ਉਸਦੀ ਮੰਮੀ ਰਸਮਾਂ ਰਿਵਾਜਾਂ ਵਿੱਚ ਬੀਜੀ ਹੋ ਗਈ। ਜਦੋਂ ਉਹ ਫਰੀ ਹੋਈ ਤਾਂ ਉਸਨੂੰ ਨੀਰੂ ਦਾ ਖਿਆਲ ਆਇਆ, ਉਹ ਇੱਧਰ ਉੱਧਰ ਲੱਭਣ ਲਗੀ,ਜਦੋਂ ਅੰਦਰ ਡੀਜੇ ਕੋਲ ਗਈ ਤਾਂ ਨੀਰੂ ਸਟੇਜ ਤੇ ਆਰਕੈਸਟਰਾ ਨਾਲ ਨੱਚ ਰਹੀ ਸੀ, ਜਿਥੇ ਉਸ ਦਾ ਪਿਉ ਸ਼ਰਾਬ ਪੀਕੇ ਆਰਕੈਸਟਰਾ ਤੇ ਪੈਸੇ ਵਾਰ ਰਿਹਾ ਸੀ। ਨੀਰੂ ਵੀ ਉਹਨਾਂ ਵਾਂਗ ਇਸ਼ਾਰੇ ਕਰ ਰਹੀ ਸੀ। ਨੀਰੂ ਦੀ ਮੰਮੀ ਨੇ ਜਲਦੀ ਨਾਲ ਨੀਰੂ ਨੂੰ ਡਾਂਟ ਕੇ ਥੱਲੇ ਉਤਾਰ ਲਿਆ, ਨੀਰੂ ਕਹਿਣ ਲਗੀ ਮੰਮਾ ਮੈਂ ਨੱਚਣਾ ਐ ਤਾਂ ਉਸਦੀ ਮਾਂ ਨੇ ਡਾਂਟ ਕਿ ਕਿਹਾ ਕਿ ਇਹ ਕੁੜੀਆਂ ਦੇ ਨੱਚਣ ਲਈ ਨਹੀ ਐ ਤਾਂ ਭੋਲੀ ਭਾਲੀ ਨੀਰੂ ਨੇ ਕਿਹਾ ਮੰਮਾ ਇਹ ਵੀ ਤਾਂ ਗਰਲਜ ਨੇ ਇਹ ਕਿਉਂ ਨੱਚ ਰਹੀਆ ਨੇ ਤੇ ਪਾਪਾ ਪੈਸੇ ਵੀ ਸੁੱਟ ਰਹੇ ਨੇ ਉਸਦੀ ਮਾਂ ਦੀ ਬੋਲਤੀ ਬੰਦ ਸੀ, ਉਸ ਕੋਲ ਸ਼ਬਦ ਨਹੀ ਸੀ ਸਮਝਾਉਣ ਲਈ ਕਿ ਆਪਣੀ ਧੀ ਦੀ ਇੱਜਤ ਅਤੇ ਬੇਗਾਨੀ ਧੀ ਦੀ ਇੱਜਤ ਵਿੱਚ ਕੀ ਫਰਕ ਐ।

**ਗੁਰਪਰੀਤ ਕੌਰ ਕੱਟੂ**

## ਅਣਮੁੱਲੇ ਸਬਦ

ਉਸ ਨੂੰ ਇਕ ਨਾ ਇਕ ਦਿਨ ਮੰਜ਼ਿ?ਲ ਲੱਭ ਹੀ ਜਾਂਦੀ ਹੈ,
ਜਿਹੜਾ ਰਾਹਾਂ ਦੇ ਵਿੱਚ ਭਟਕਣਾ ਸੁਰੂ ਕਰ ਦਿੰਦਾ ਹੈ ।
ਕਿਸੇ ਭੁੱਖੇ ਨੂੰ ਰੋਟੀ ਖਵਾਉਣਾ ,ਪਰਮਾਤਮਾ ਨੂੰ ਲੱਖ ਵਾਰ ਨਮਸਕਾਰ ਕਰਨ ਦੇ ਬਰਾਬਰ ਹੁੰਦਾ ਹੈ।
ਦਿਲ ਕਦੇ ਨਹੀ ਟੁੱਟਦਾ ਹੁੰਦਾ, ਕਿਉਂਕਿ ਅਸਲ ਵਿੱਚ ਦਿਲ
ਸੀਸੇ ਦਾ ਬਣਿਆ ਹੀ ਨਹੀਂ ਹੁੰਦਾ।
ਜੇ ਤੁਸੀਂ ਸਹੀ ਨੂੰ ਸਹੀ ਤੇ ਗਲਤ ਨੂੰ ਗਲਤ ਕਹਿਣ
ਦੀ ਹਿੰਮਤ ਰੱਖਦੇ ਹੋ ,ਫਿਰ ਤੁਹਾਡੇ ਤੋਂ ਵੱਧ ਤਾਕਤਵਾਰ ਇਨਸਾਨ ਪੂਰੀ ਦੁਨੀਆ ਵਿੱਚ ਨਹੀਂ ਹੋ ਸਕਦਾ।
ਜ਼ਿੰਦਗੀ ਵਿਚ ਹਨੇਰਾ ਆਉਣਾ ਵੀ ਲਾਜਮੀ ਹੈ ,ਕਿਉਂਕਿ ਕੋਈ ਤਾਰਾ ਕਿੰਨਾ ਕੁ ਚਮਕ ਸਕਦਾ ਹੈ ,ਇਸ ਦੀ ਟੈਸਟਿੰਗ ਹਨੇਰੇ ਵਿੱਚ ਹੀ ਹੋ ਸਕਦੀ ਹੈ।
ਲਾਲਚ ਬੁਰੀ ਬਲਾ ਹੈ ,ਪਰ ਆਪਣਾ ਹੱਕ ਛੱਡਣਾ ਬੇਵਕੂਫੀ ਦੀ ਨਿਸਾਨੀ ਹੁੰਦਾ ਏ।
ਕਦੇ ਵੀ ਫਿਕਰ ਨਾ ਕਰੋ, ਕਿਉਂਕਿ ਚਿੰਤਾ ਨਾਲ ਸਿਰਫ ਬਿਮਾਰੀਆਂ ਲੱਗਦੀਆਂ ਨੇ ਮਸਲੇ ਹੱਲ ਨਹੀਂ ਹੁੰਦੇ।
ਉਹਨਾਂ ਦੀ ਹਾਰ ਹਮੇਸਾ ਟੈਂਪਰੇਰੀ ਹੁੰਦੀ ਹੈ , ਜਿਹੜੇ ਕੋਸ਼ਿ?ਸਾਂ ਬਰਕਰਾਰ ਰੱਖਦੇ ਨੇ।

**ਲੇਖਕ- ਮਨਦੀਪ ਖਾਨਪੁਰੀ**
**ਖਾਨਪੁਰ ਸਹੋਤਾ ਹੁਸ਼ਿ?ਆਰਪੁਰ**
**9779179060**

# ਖੁਸ਼ੀਂ ਇਕ ਤੰਦਰੁਸਤ ਮੰਨ ਦੀ ਉਪਜ



**ਗੁਰਿੰਦਰ ਕਲੇਰ**
**ਪਿੰਡ/ਡਾਕ:ਕਲੇਰ ਕਲਾਂ( ਗੁਰਦਾਸਪੁਰ)**
**ਮੋਬਾਇਲ ਨੰ:9914538888**

ਖੁਸੀਆਂ ਖਰੀਦਿਆ ਨਹੀਂ ਜਾ ਸਕਦੀਆ। ਨਾ ਹੀ ਇਹ ਕਿਸੇ ਤੋਂ ਖੋਹਿਆ ਜਾ ਸਕਦੀਆ ਹਨ। ਇਹ ਤਾਂ ਇਕ ਤੰਦਰੁਸਤ ਮੰਨ ਦੀ ਉਪਜ ਹਨ। ਇਹ ਕਲਾਕਾਰੀ ਹਰੇਕ ਦੇ ਨਸੀਬ ਵਿੱਚ ਨਹੀ ਆਉਂਦੀ ।ਦੂਸਰਿਆਂ ਦੇ ਹਾਸੇ ਇਹ ਨਹੀ ਦਰਸਾਉਂਦੇ ਕਿ ਕੁਦਰਤ ਨੇ ਉਹਨਾਂ ਨੂੰ ਉਹ ਸਭ ਦਿੱਤਾ ਜਿਸ ਦੀ ਉਹਨਾ ਨੂੰ ਚਾਹਤ ਸੀ। ਸਗੋਂ ਇਹ ਦੱਸਦੇ ਹਨ ਕਿ ਕੁਦਰਤ ਨੇ ਜੋ ਕੁਝ ਵੀ ਉਹਨਾਂ ਨੂੰ ਦਿੱਤਾ ਉਹ ਉਸ ਵਿੱਚ



ਖੁਸ ਹਨ ਅਤੇ ਇਸ ਸਭ ਲਈ ਪ੍ਰਮਾਤਮਾ ਦਾ ਧੰਨਵਾਦ ਕਰਦੇ ਹਨ। ਬਹੁਤ ਵਾਰ ਤਾਂ ਦੁਖੀ ਹੋਣ ਦੇ ਕਾਰਣ ਦਾ ਪਤਾ ਹੀ ਨਹੀਂ ਹੁੰਦਾ। ਕਈ ਵਾਰ ਕਿਸੇ ਹੋਰ ਦੀ ਖੁਸ਼ੀ ਦੂਸਰੇ ਲਈ ਦੁਖ ਦਾ ਕਾਰਣ ਬਣ ਜਾਦੀਂ ਹੈ। ਪਰ ਫਿਰ ਵੀ ਉਹ ਕਾਰਣ ਜਰੂਰ ਲੱਭੋ ਜੋ ਖੁਸ਼ੀ ਦੇਣ। ਖੁਸ਼ੀ ਪ੍ਰਾਪਤ ਕਰਨ ਦਾ ਸਭ ਤੋਂ ਸੌਖਾ ਤੇ ਸਸਤਾ ਤਰੀਕਾ ਹੈ,ਸਧਾਰਨ ਰਹਿਣ-ਸਹਿਣ ਅਤੇ ਕੁਦਰਤ ਦੇ ਨਾਲ ਨੇੜਤਾ ਫੁੱਲਾ ਦੀ ਖੁਸ਼ਬੋ, ਪੱਤਿਆ
ਦੀ ਧਿੰਮੀ ਆਵਾਜ ਪੰਛੀਆਂ ਦਾ ਚਹੀਕਣਾ, ਫਸਲਾਂ ਦਾ ਲੜਖੜਾਊਣਾ, ਪਹਾੜਾਂ ਦਾ ਅਦਭੁੱਤ ਦਿਸ ਆਦਿ ਕੁਦਰਤੀ ਖੁਸ਼ੀ ਦੇ ਸੋਮੇ ਹਨ। ਇਹ ਸੋਮੇ ਮਨੁੱਖੀ ਤੰਦਰੁਸਤੀ ਲਈ ਇਕ ਵੱਡਾ ਕਿਰਦਾਰ ਨਿਭਾਉਦੇ ਹਨ। ਜਿਹੜਾ ਵਿਅਕਤੀ ਖੁਸ਼ ਹੋਵੇਗਾ, ਉਹ ਸਰੀਰਿਕ ਤੋਰ ਤੇ ਤੰਦਰੁਸਤ ਵੀ ਜਰੂਰ ਹੋਵੇਗਾ। ਇਹ ਵੀ ਜਰੂਰੀ ਨਹੀਂ ਕਿ ਇਹਨਾਂ ਕੁਦਰਤੀ ਸੋਮਿਆਂ ਲਈ ਤੁਹਾਨੂੰ ਸੈਕੜੇ ਮੀਲ ਦਾ ਪੈਂਡਾ ਤਹਿ ਕਰਨਾ ਪਵੇ। ਸਿਰਫ ਆਪਣੇ ਆਲੇ -ਦੁਆਲੇ ਨਿਗਾ ਮਾਰਨ ਦੀ ਲੋੜ ਹੈ ।ਸਾਨੂੰ ਖੁਸ਼ੀ ਪ੍ਰਾਪਤ ਕਰਨ ਵਾਲੇ ਕੁਦਰਤੀ ਦਿਸ ਦਿਸਣ ਲੱਗ ਪੈਣਗੇ। ਮਨੁੱਖੀ ਦੋਸਤੀ ਦੇ ਨਾਲ-ਨਾਲ ਪੰਛੀਆਂ-ਜਾਨਵਰਾਂ ,ਫੁੱਲ ਬੂਟਿਆਂ ਦਰੱਖਤਾਂ ਨਾਲ ਦੋਸਤੀ ਜਿਆਦਾ ਨਿਭਣਸਾਰ ਅਤੇ ਨਿਰਸਵਾਰਥ ਹੁੰਦੀ ਹੈ। ਇਕ ਛੋਟੇ ਪੋਦੇ ਨੂੰ ਅਗਾਉਣ ਪਾਲਣ -ਪੋਸ਼ਣ ਕਾਰਨ ਵਿੱਚ ਜੋ ਖੁਸ਼ੀ ਪ੍ਰਾਪਤ ਹੁੰਦੀ ਹੈ,ਉਹ ਉਹੋ ਜਾਣ ਸਕਦਾ ਜਿਸ ਨੇ ਇਹ ਸਭ ਕੀਤਾ ਹੋਵੇ। ਇਕ ਪੋਦਾ ਵੱਡਾ ਹੋਣ ਤੇ ਮਨੁੱਖ ਵੱਲੋ ਉਸ ਉਪਰ ਕੀਤੀ ਮਿਹਰਬਾਨੀ ਦਾ ਅਹਿਸਾਨ ਫੁੱਲ ,ਫਲ ਅਤੇ ਠੰਡੀ ਛਾਂ ਤਾਜੀ ਹਵਾ ਲੱਕੜ ਆਦਿ ਦੇ ਕੇ ਜਰੂਰ ਚਕਾਉਦਾ ਹੈ।

ਲੋੜ ਹੈ ਕੁਝ ਸਮਾਂ ਇਸ ਝਮੇਲਿਆਂ ਭਰੀ ਜਿੰਦਗੀਂ ਵਿੱਚੌ ਕੱਢ ਕੇ ਕੁਝ ਕੁਦਰਤ ਦੇ ਨੇੜੇ ਹੋਈਏ। ਅਸਲੀ ਖੁਸੀਂ ਦੇ ਸਾਧਨ ਕੁਦਰਤੀ ਸੋਮੇ ਹਨ। ਜਿੰਨਾ ਦਾ ਆਨੰਦ ਬਿਨਾ ਪੈਸੇ ਖਰਚੇ ਕੋਈ ਵੀ ਲੈ ਸਕਦਾ ਹੈ ।ਵੱਡੀਆਂ ਕੋਠੀਆਂ ਤੇ ਵੱਡੀਆਂ ਕਾਰਾਂ ਆਦਿ ਬਹੁਤ ਸਾਰੇ ਝਮੇਲਿਆਂ ਨੂੰ ਜਨਮ ਦੇਦੀਆਂ ਹਨ । ਇਹਨਾਂ ਤੋਂ ਪ੍ਰਾਪਤ ਕੀਤੀ ਖੁਸ਼ੀ ਦਾ ਸਮਾਂ ਬਹੁਤ ਥੋੜਾ ਹੁੰਦਾ ਹੈ ।ਧਾਰਮਿਕ ਗ੍ਰੰਥਾ ਤੇ ਧਾਰਮਿਕ ਗੁਰੂ ਪੀਰਾ ਪਗੰਬਰਾ ਸਾਨੂੰ ਜੀਵਨ ਜਾਂਚ ਦੀ ਸਿੱਖਿਆ ਦਿੱਤੀ। ਪਰ ਅਸੀਂ ਉਹਨਾਂ ਕੋਲ ਵੀ ਆਪਣੀਆਂ ਦੁਨਿਆਵੀ ਖਾਹਿਸਾਂ ਦੀਆਂ ਪੰਡਾ ਲੈ ਪੂਰੀਆਂ ਕਰਵਾਉਣ ਲਈ ਅਰਦਾਸਾਂ ਕਰਨ ਲੱਗ ਪਏ। ਜੋ ਉਹਨਾਂ ਕਿਹਾ ਲਿਖਿਆਂ ਨਾ ਅਸੀਂ ਪੜਿਆ ਨਾ ਹੀ ਸਮਝਿਆ ਅਤੇ ਨਾ ਹੀ ਆਪਣੇ ਜੀਵਨ ਵਿੱਚ ਲਾਗੂ ਕੀਤਾ। ਬਹੁਤੀਆਂ ਖਾਹਿਸ਼ਾ ਅਤੇ ਲਾਲਸਾਵਾਂ ਮਹਾਨ ਲੋਕਾਂ ਨੂੰ ਵੀ ਤਬਾਹੀ ਵੱਲ ਧਕੇਲ ਦੇਦੀਆਂ ਹਨ। ਇਤਿਹਾਸ ਗਵਾਹ ਹੈ ਕਿ ਬਹੁਤ ਸਾਰੇ ਮਹਾਨ ਰਾਜੇ - ਮਹਾਰਾਜਿਆਂ ਦੇ ਪਤਨ ਦਾ ਕਾਰਣ ਉਹਨਾਂ ਦੀ ਹੱਦੋ ਵੱਧ ਵਧੀ ਹੋਈ ਲਾਲਸਾ ਹੀ ਸੀ। ਮਨੁੱਖ ਦਾ ਭੋਲੇਪਨ ਆਪਣਾਪਨ
ਇਮਾਨਦਾਰੀ ਸਹਿਣਸੀਲਤਾਂ ਧੀਰਜ ਆਦਿ ਗੁਣ ਖਤਮ ਹੋ ਗਏ ਹਨ । ਹਰ ਰਿਸਤੇ ਵਿੱਚ ਸਵਾਰਥ ਦੀ ਸੁਗੰਧ ਮਹਿਕਾ ਖਲਾਰ ਰਹੀ ਹੈ। ਉਹ ਹੀ ਚੰਗਾ ਲੱਗਦਾ ਜੋ ਸਾਡੀਆਂ ਜਾਇਜ ਨਜਾਇਜ ਜਰੂਰਤਾਂ ਪੂਰੀਆਂ ਕਰੇ। ਹੁਸ਼ਿਆਰੀ ਦੀ ਇਕ ਉਦਾਹਰਣ ਇਹ ਵੀ ਹੈ ਕਿ ਅਸੀਂ ਪ੍ਰਮਾਤਮਾ ਨਾਲ ਵੀ ਸੋਦੇ ਬਾਜੀਆਂ ਕਰਦੇ ਹਾਂ ਕਿ ਤੁਸੀ ਮੇਰੀ ਇਹ ਮੰਗ (ਲੋੜ) ਪੂਰੀ ਕਰ ਦਿਓ ਮੈ ਤੁਹਾਡੇ ਤੇ ਇੰਨੇ ਪੈਸੇ ਜਾ ਪਦਾਰਥ ਆਦਿ ਭੇਟਾਂ ਕਰਾਗਾਂ। ਸੋਦੇਬਾਜੀ ਕਰਨੀ ਅੱਜ ਦੇ ਮਨੁੱਖ ਦਾ ਸੁਭਾਅ ਬਣ ਗਿਆ ਹੈ। ਜਿੰਦਗੀ ਦੇ ਬਹੁਤ ਸਾਰੇ ਗਲਤ ਫੈਸਲੇ ਆਪ ਕਰਦਾ ਪਰ ਜਿੰਮੇਵਾਰ ਕੁਦਰਤ ਨੂੰ ਠਹਿਰਾਉਂਦਾ ਹੈ। ਮੰਗ (ਲੋੜ) ਨਾ ਪੂਰੀ ਹੋਣ ਤੇ ਦੁਖੀ ਹੁੰਦਾ ਹੈ। ਅਸੀਂ ਇਹ ਭੁੱਲ ਗਏ ਹਾਂ ਕਿ ਸਿਰਜਨਹਾਰ ਸਾਡੀਆਂ ਜਰੂਰਤਾਂ ਨੂੰ ਭਲੀਭਾਂਤ ਜਾਣਦਾ ਹੈ ਅਤੇ ਉਸਦੀ ਰਜਾ ਵਿੱਚ ਰਾਜੀ ਰਹਿਣਾ ਹੀ ਉਸਨੂੰ ਸੱਚੀ ਸਰਧਾਂਜਲੀ ਹੈ। ਇੰਨੀਆਂ ਗਲਤੀਆਂ ਅਤੇ ਹੁਸਿਆਰੀਆਂ ਕਰਨ ਤੋਂ ਬਾਅਦ ਵੀ ਅਸੀਂ ਖੁਸੀਆਂ ਭਾਲਦੇ ਹਾਂ ।ਬਹੁਤ ਵਧੀਆ ਹੁੰਦਾ ਜੇਕਰ ਮਨੁੱਖ ਦੀ ਸੋਚ ਇੱਕ ਛੋਟੇ ਬੱਚੇ ਦੀ ਤਰਾਂ ਰਹਿੰਦੀ। ਜੋ
ਨਫ਼ਰਤ ਚਲਾਕੀ ਲਾਲਚ ਆਦਿ ਤੋਂ ਰਹਿਤ ਹੁੰਦਾ ਹੈ ।ਜੇਕਰ ਅਸੀ ਆਪਣੇ ਅੰਦਰ ਦੀਆਂ ਬੁਰਾਈਆਂ ਤੋਂ ਨਿਯਾਂਤ ਪਾਵਾਂਗੇ ਤਾਂ ਖੁਸੀਆਂ ਆਪਣੇ ਆਪ ਸਾਡੇ ਮੰਨ ਵਿੱਚ ਵਾਧਾ ਕਰਨਗੀਆਂ ।ਲੋੜ ਹੈ ਕੁਝ ਆਪਣੇ ਆਪ ਨੂੰ ਬਦਲਣ ਦੀ।

# ਪ੍ਰੀਤ ਫੁਲਵਾੜੀ

## "ਰੁੱਖ ਕੁੱਖ ਤੇ ਪੰਛੀ ਸਾਂਭੀਏ"

ਰੁੱਖ ਕੁੱਖ ਪੰਛੀ ਸਾਂਭੀਏ,ਸਮੇਂ ਦੀ ਹੈ ਇਹ ਮੰਗ।
ਇਨ੍ਹਾਂ ਬਾਝੋਂ ਦੋਸਤੋ ਸੱਭ ਨੇ,ਹੋ ਜਾਣਾ ਹੈ ਤੰਗ।।
ਪਾਣੀ ਢੋਈਏ ਆਰ ਓ ਤੋਂ, ਫਿਰ ਵੀ ਕਰਦੇ ਨਹੀਂ ਵਿਚਾਰ।
ਸੈਂਕੜੇ ਲੀਟਰ ਡੋਲ੍ਹ ਕੇ,ਧੋਣੀ ਜਰੂਰੀ ਕਾਰ।।
ਛਿੜਕਾ ਬਹਾਨੇ ਗਲੀ ਵਿੱਚ,ਨਿੱਤ ਡੋਲ੍ਹੀਏ ਪਾਣੀ।
ਕੁੱਝ ਸਮਾਂ ਹੀ ਹੈ ਬਚਿਆ,ਹੋ ਜਾਊ ਖਤਮ ਕਹਾਣੀ।।
ਬੇਵਜ੍ਹਾ ਰੁੱਖਾਂ ਨੂੰ ਵੱਢੀਏ, ਜਾਂ ਵਿੱਚ ਜਮੀਨੀਂ ਦੇਈਏ ਸਾੜ।
ਛਾਂ ਨੂੰ ਕਿਥੋਂ ਲੱਭੋਂਗੇ,ਅੱਗੇ ਆ ਰਹੇ ਜੇਠ ਤੇ ਹਾੜ੍ਹ।।
ਵਿੱਚ ਜਮੀਨਾਂ ਨਾੜ ਨੂੰ ਸਾੜੀਏ,ਅਕਲ ਦਿਵਾਲਾ ਕੱਢ।
ਨਾਲ ਧੂਏਂ ਦੇ ਬੰਦੇ ਮਰ ਗਏ,ਆਏ ਸਾਹਮਣੇ ਤੱਥ।।
ਬੇਜੁਬਾਨਿਆਂ ਲਈ ਨਾ ਸੋਚਿਆ,ਕਿ ਓਹ ਬਹਿਣਗੇ ਕਿਥੇ ਆ ?
ਓਹਨਾਂ ਲਈ ਵੀ ਸੋਚੀਏ,ਸੱਭ ਰਲਮਿਲ ਭੈਣ ਭਰਾ।।
ਡੋਲੇ ਕਿਥੋਂ ਲਿਆਓਂਗੇ,ਕੁੜੀਆਂ ਕੁੱਖ ਚ ਮਾਰ।
ਲੜਕੇ ਸੱਭ ਨੇ ਭਾਲਦੇ ਕੁੱਝ ਤਾਂ ਕਰੋ ਵਿਚਾਰ।।
ਭਰੂਣ ਨੂੰ ਕੁੱਖ ਚ ਮਾਰਨ ਦਾ ਚੱਲ ਪਿਆ ਰਿਵਾਜ।
ਸਦੀਆਂ ਗਈਆਂ ਬੀਤ ਨੇ ਪਰ ਸਮਝਿਆ ਨਹੀਂ ਸਮਾਜ।।
ਰੁੱਖ ਕੁੱਖ ਤੇ ਪਾਣੀ ਸਾਂਭੀਏ,ਹੈ ਜੋ ਬਣਦੀ ਜਿੰਮੇਵਾਰੀ।
ਪੰਛੀਆਂ ਦੇ ਵਸੇਬੇ ਲਈ ਕਿਉਂ,ਧਾਰ ਲਈ ਲਾਚਾਰੀ।।
ਉਪਰੋਕਤ ਗੱਲਾਂ ਵੱਲ ਸਾਥੀਓ, ਦੇਣਾ ਪਊ ਧਿਆਨ।
ਦੱਦਾਹੂਰੀਆ ਧਰਮ ਗ੍ਰੰਥ ਵੀ,ਕਰਨ ਇਹੀ ਫ਼ੁਰਮਾਨ।।

**ਜਸਵੀਰ ਸ਼ਰਮਾਂ ਦੱਦਾਹੂਰ**
95691-49556

## White lies , white flowers , white "Great Egrets"

I don't like daylight neither sunrises nor sunsets ,
I carry out everything possible i can , i have no regrets .

Some do like red roses , some white while some new born
Neither i love roses nor lily , because i am fond of thorns,
Not smitten of rain however when pouring, love to eat corns .

Not any tenderness towards cats ,or dogs , nothing inherit
Always pushing myself to extreme , teaching myself to bear it
Although , an unknown devotion en route parrots.

I wish i will achieve everything by Allah's grace very soon
Do love many shades but wanna be bold like maroon
I vocalise i dont like daylight because i am hypnotized by moon

**~Seerat Mir**

## ਧਰਤੀ ਮਾਂ

ਭਾਵੇਂ ਸਾਰੇ ਮੈਨੂੰ ਕਹਿੰਦੇ ਨੇ ਧਰਤੀ ਮਾਂ,
ਪਰ ਮੇਰਾ ਰਤਾ ਵੀ ਖਿਆਲ ਰੱਖੇ ਕੋਈ ਨਾ।
ਮੇਰੀ ਕੁੱਖ ਚੋਂ ਕੱਢ ਕੇ ਅੰਨ੍ਹੇ ਵਾਹ ਪਾਣੀ,
ਇਸ ਨੂੰ ਖਾਲੀ ਕਰੀ ਜਾਣ ਸੱਭ ਪ੍ਰਾਣੀ।
ਵੱਢ ਕੇ ਧੜਾ ਧੜ ਮੇਰੇ ਉੱਤੋਂ ਸਾਰੇ ਰੁੱਖ,
ਮੈਨੂੰ ਧੁੱਪਾਂ ਨਾਲ ਸਾੜ ਕੇ ਪਹੁੰਚਾਈ ਜਾਣ ਦੁੱਖ।
ਪਸ਼ੂ, ਪੰਛੀ ਵਿਚਾਰੇ ਧੁੱਪ'ਚ ਫਿਰਦੇ ਮਾਰੇ, ਮਾਰੇ।
ਉਨ੍ਹਾਂ ਨਿਆਸਰਿਆਂ ਨੂੰ ਦੇਵੇ ਨਾ ਕੋਈ ਸਹਾਰੇ।
ਨਾ ਮੀਂਹ ਪੈਂਦੇ, ਨਾ ਠੰਢੀਆਂ ਹਵਾਵਾਂ ਵਗਦੀਆਂ,
ਤਾਂ ਹੀ ਸੱਭ ਦੀਆਂ ਜਾਨਾਂ ਨਿਕਲਦੀਆਂ ਲੱਗਦੀਆਂ।
ਕੀਟਨਾਸ਼ਕਾਂ ਨੇ ਕੀਤੀ ਪ੍ਰਦੂਸ਼ਿਤ ਮੇਰੀ ਮਿੱਟੀ,
ਲਿਫਾਫਿਆਂ ਤੇ ਕੂੜੇ ਨੇ ਹਾਲਤ ਹੋਰ ਵੀ ਮਾੜੀ ਕੀਤੀ।
ਬੰਦੇ ਦੀ ਬੇਅਕਲੀ ਨੇ ਕੰਮ ਕੀਤਾ ਬਹੁਤ ਖਰਾਬ,
ਕੀ ਕਰਨਾ ਪੈਸਾ,ਜੇ ਉਹ ਜਿਉਂਦਾ ਰਿਹਾ ਨਾ ਆਪ।

**ਮਹਿੰਦਰ ਸਿੰਘ ਮਾਨ**

## ਚੰਗੀ ਲੱਗਦੀ

ਠੰਡੀ ਠੰਡੀ ਦਰਖਤਾਂ ਦੀ ਛਾਂ ਚੰਗੀ ਲੱਗਦੀ,
ਦੁੱਖ ਵੇਲੇ ਸਾਨੂੰ ਸਾਡੀ ਮਾਂ ਚੰਗੀ ਲੱਗਦੀ।
ਲੋੜ ਵੇਲੇ ਕੀਤੀ ਹੋਈ ਹਾਂ ਚੰਗੀ ਲੱਗਦੀ,
ਉਡੀਕ ਵੇਲੇ ਕਾਂ ਦੀ ਕਾਂ ਕਾਂ ਚੰਗੀ ਲੱਗਦੀ।
ਟਿਕੀ ਰਾਤ ਵਿੱਚ ਚੁੱਪ ਚਾਂ ਚੰਗੀ ਲੱਗਦੀ,
ਰਣ ਵਿੱਚ ਭਾਈਆਂ ਦੀ ਬਾਂਹ ਚੰਗੀ ਲੱਗਦੀ।
ਲਾਰੇ ਲੱਪੇ ਲਾਉਣ ਨਾਲੋਂ ਨਾਂਹ ਚੰਗੀ ਲੱਗਦੀ,
ਮੇਲੇ ਵਿੱਚ ਵਾਜਿਆਂ ਦੀ ਪਾਂ ਪਾਂ ਚੰਗੀ ਲੱਗਦੀ।
ਪੱਤੋ, ਨੂੰ ਸਾਂਤ ਜਿਹੀ ਥਾਂ ਚੰਗੀ ਲੱਗਦੀ।

**ਹਰਪ੍ਰੀਤ ਪੱਤੋ 94658-21417**

## ਪਾਣੀ ਬਚਾਉ

ਜੇ ਧਰਤੀ ਹੇਠੋਂ ਯਾਰੋ, ਮੁੱਕ ਗਿਆ ਪਾਣੀ,
ਬਚਣਾ ਨਾ ਫਿਰ ਇੱਥੇ ਕੋਈ ਜੀਵਤ ਪ੍ਰਾਣੀ।
ਪਾਣੀ ਬਿਨਾਂ ਦਿਸਣੇ ਨਾ ਹਰੇ,ਭਰੇ ਰੁੱਖ,
ਜਿਹੜੇ ਮਨੁੱਖ ਨੂੰ ਦਿੰਦੇ ਨੇ ਯਾਰੋ,ਸੌ ਸੁੱਖ।
ਬੀਜੋ ਕਿਰਸਾਨੋ ਘੱਟ ਪਾਣੀ ਵਾਲੀਆਂ ਫਸਲਾਂ,
ਜੇ ਜੀਵਤ ਰੱਖਣੀਆਂ ਆਣ ਵਾਲੀਆਂ ਨਸਲਾਂ।
ਨਹਾਣ ਤੇ ਕਪੜੇ ਧੋਣ ਲਈ ਘੱਟ ਵਰਤੋ ਪਾਣੀ,
ਗੱਡੀਆਂ ਤੇ ਸਕੂਟਰਾਂ ਉੱਤੇ ਨਾ ਬਹੁਤਾ ਸੁੱਟੋ ਪਾਣੀ।
ਨਦੀਆਂ ਤੇ ਦਰਿਆਵਾਂ ਦਾ ਪਾਣੀ ਰੱਖੋ ਸਾਫ,
ਇਨ੍ਹਾਂ ਵਿੱਚ ਸੁੱਟੋ ਨਾ ਕੂੜਾ ਤੇ ਲਿਫਾਫੇ ਆਪ।
ਸਾਫ ਪਾਣੀ ਫਸਲਾਂ ਤੇ ਪੰਛੀਆਂ ਦੇ ਆਏਗਾ ਕੰਮ,
ਇਸ ਨਾਲ ਖਰਾਬ ਨਹੀਂ ਹੋਵੇਗਾ ਕਿਸੇ ਦਾ ਚੰਮ।
ਇਸ ਤੋਂ ਪਹਿਲਾਂ ਕਿ ਬਹੁਤ ਮਹਿੰਗਾ ਪਾਣੀ ਹੋ ਜਾਵੇ,
ਇਸ ਤੋਂ ਪਹਿਲਾਂ ਕਿ ਇਹ ਪਹੁੰਚ ਤੋਂ ਬਾਹਰ ਹੋ ਜਾਵੇ,
ਪਾਣੀ ਬਚਾਣਾ ਸ਼ੁਰੂ ਕਰ ਦਿਉ ਤੁਸੀਂ ਅੱਜ ਤੋਂ ਹੀ,
ਸਭ ਨੂੰ ਜੀਵਤ ਰੱਖਣ ਲਈ ਸੋਚੋ ਅੱਜ ਤੋਂ ਹੀ।

**ਮਹਿੰਦਰ ਸਿੰਘ ਮਾਨ**

## ਕੁਰਸੀ

ਕੁਰਸੀ ਹੋਵੇ ਜਿਸ ਦੇ ਥੱਲੇ,
ਉਸ ਦੀ ਹੋ ਜਾਏ ਬੱਲੇ, ਬੱਲੇ।
ਕੁਰਸੀ ਪਛਾਨਣ ਨਾ ਦੇਵੇ ਭੈਣ,ਭਰਾ,
ਕੁਰਸੀ ਹੋਵੇ ਭੁੱਲ ਜਾਏ ਖ਼ੁਦਾ।
ਕੁਰਸੀ ਲਈ ਧਨ ਦੇਣਾ ਪੈਂਦਾ,
ਗਧੇ ਨੂੰ ਪਿਉ ਕਹਿਣਾ ਪੈਂਦਾ।
ਧਨ ਦੇ ਕੇ ਜੋ ਕੁਰਸੀ ਲੈਂਦਾ,
ਮੌਤ ਤੱਕ ਉਹ ਇਸ ਤੇ ਬਹਿੰਦਾ।
ਕੁਰਸੀ ਲਈ ਨੇਤਾ ਜੋਤਸ਼ੀਆਂ ਕੋਲ ਜਾਣ,
ਬਾਬਿਆਂ ਤੇ ਸੰਤਾਂ ਦੇ ਪੈਰੀਂ ਹੱਥ ਲਾਣ।
ਕੁਰਸੀ ਲਈ ਉਹ ਲੋਕਾਂ ਨੂੰ ਲੜਾਣ,
ਕੁਰਸੀ ਲਈ ਉਹ ਹਰ ਹੱਦ ਤੱਕ ਜਾਣ।
ਕੁਰਸੀ ਕਹੇ,"ਹੁਣ ਮੈਨੂੰ ਛੱਡੋ,
ਬੁੱਢੇ ਹੋ ਗਏ ਹੋ,ਰੱਬ ਦਾ ਨਾਂ ਜਪੋ।
ਤੁਹਾਡੇ ਪਿੱਛੇ ਹੋਰ ਬਹੁਤ ਖੜ੍ਹੇ ਨੇ,
ਤੁਹਾਡੇ ਨਾਲੋਂ ਉਹ ਸਿਆਣੇ ਬੜੇ ਨੇ।"
ਬਹਿ ਜਾਵੇ ਜੋ ਕੁਰਸੀ ਨੂੰ ਮਾਰ ਕੇ ਜੱਫਾ,
ਲੋਕ ਉਸ ਨੂੰ ਥੱਲੇ ਸੁੱਟਣ ਮਾਰ ਕੇ ਧੱਫਾ।
'ਮਾਨ'ਜੋ ਕੁਰਸੀ ਦਾ ਕਰੇ ਸਤਿਕਾਰ,
ਲੋਕ ਵੀ ਉਸ ਨੂੰ ਦਿਲੋਂ ਕਰਨ ਪਿਆਰ।

**ਮਹਿੰਦਰ ਸਿੰਘ ਮਾਨ**

## ਬਸੰਤ ਰੁੱਤ

ਸਰਦ ਰੁੱਤ ਹੈ ਚੱਲੀ, ਬਸੰਤ ਰੁੱਤ ਹੈ ਆਈ।
ਰੁੱਖਾਂ ਤੇ ਪੌਦਿਆਂ ਤੇ ਨਵਾਂ ਜੋਬਨ ਹੈ ਲਿਆਈ।
ਮਨੁੱਖੀ ਸਰੀਰ 'ਚ ਖ਼ੂਨ ਦਾ ਵਹਾਅ ਹੈ ਤੇਜ ਹੋਇਆ,
ਏਸੇ ਲਈ ਮਨੁੱਖਾਂ 'ਚ ਨਵੀਂ ਫੁਰਤੀ ਹੈ ਆਈ।
ਖਿੜੇ ਫੁੱਲਾਂ ਤੇ ਬੈਠਣ ਭੌਰੇ ਤੇ ਮਧੂ ਮੱਖੀਆਂ।
ਰੰਗ ਬਰੰਗੀਆਂ ਤਿਤਲੀਆਂ ਵੀ ਉਡਾਰੀ ਨੇ ਭਰਦੀਆਂ।
ਬੱਚੇ ਉਡਾਂਦੇ ਰੰਗ ਬਰੰਗੇ ਪਤੰਗ ਛੱਤਾਂ ਤੇ ਚੜ੍ਹ ਕੇ,
ਕੱਢੀਆਂ ਉਨ੍ਹਾਂ ਨੇ ਦਿਲਾਂ ਚੋਂ ਚਿੰਤਾਵਾਂ ਸਾਰੀਆਂ।
ਚਾਈਨਾ ਡੋਰ ਨੇ ਅੱਜ ਕੱਲ੍ਹ ਪੁਆੜੇ ਨੇ ਪਾਏ।
ਕਈ ਉੱਡਦੇ ਪੰਛੀ ਇਸ ਨੇ ਮਾਰ ਮੁਕਾਏ।
ਇਸ ਨੂੰ ਛੱਡ ਕੇ ਸਾਰੇ ਭਾਰਤੀ ਡੋਰ ਵਰਤੋ,
ਇਹ ਕਿਸੇ ਨੂੰ ਵੀ ਯਾਰੋ ਨੁਕਸਾਨ ਨਾ ਪੁਚਾਏ।
ਬਸੰਤ ਪੰਚਮੀ ਨੂੰ ਲੱਗਦੇ ਪਿੰਡਾਂ ਤੇ ਸ਼ਹਿਰਾਂ 'ਚ ਮੇਲੇ।
ਲੋਕ ਸਰ੍ਹੋਂ ਦੇ ਫੁੱਲਾਂ ਵਾਂਗ ਖਿੜ ਕੇ ਵੇਖਣ ਜਾਂਦੇ ਮੇਲੇ।
ਇਸ ਦਿਨ ਤੀਵੀਆਂ ਬਸੰਤੀ ਰੰਗ ਦੇ ਕਪੜੇ ਪਾ ਕੇ,
ਗਿੱਧਾ ਪਾਣ ਤੇ ਗੀਤ ਗਾਣ ਛੱਡ ਕੇ ਸਭ ਝਮੇਲੇ।

## .ਗਜ਼ਲ

-ਦਾਦਰ ਪੰਡੋਰਵੀ

ਸਲਾਮਤ ਦਿੱਸ ਰਿਹੈ ਬਾਹਰੋਂ, ਪਰ ਅੰਦਰੋਂ ਮਰ ਕੇ ਆਇਆ ਹੈ
ਪਰਿੰਦਾ ਸ਼ਹਿਰ ਵਿੱਚ ਕੁਝ ਦਿਨ ਬਸੇਰਾ ਕਰ ਕੇ ਆਇਆ ਹੈ।

ਇਦ੍ਹੇ ਵਿੱਚ ਪੈਰ ਧੋ, ਹੱਥ ਧੋ ਜਾਂ ਚਿਹਰਾ ਧੋ ਤੇਰੀ ਮਰਜ਼ੀ,
ਨਦੀ ਦਾ ਜਲ ਤਾਂ ਤੇਰੇ ਵਾਸਤੇ ਹੀ ਖਰ ਕੇ ਆਇਆ ਹੈ।

ਖਿਡਾਉਣੇ ਬੋਲ ਸਕਦੇ ਤਾਂ ਇਹ ਕਹਿ ਦਿੰਦੇ ਮਾਸੂਮਾਂ ਨੂੰ,
ਉਹ ਸਾਡਾ ਮੁੱਲ ਤਾਰਨ ਨੂੰ ਕੀ ਗਹਿਣੇ ਧਰ ਕੇ ਆਇਆ ਹੈ।

ਰਤਾ ਠੰਢੀ ਹਵਾ ਨੇ ਵੀ ਹੁਣ ਉਸ ਨੂੰ ਸਿੱਲ੍ਹ ਕਰ ਦੇਣਾ,
ਉਹ ਸੜਦੀ ਹਾੜ੍ਹ ਦੀ ਰੁੱਤੇ ਵੀ ਏਨਾ ਠਰ ਕੇ ਆਇਆ ਹੈ।

ਮੈਂ ਕੀ ਰਿਸ਼ਤਾ ਬਣਾ ਕੇ ਤੋੜ ਆਇਆ ਹਾਂ ਉਹਦੇ ਨਾਲੋਂ,
ਕਿ ਜਿਸ ਦਾ ਦਰਦ ਪਿੱਛੇ ਪਿੱਛੇ ਦਰਿਆ ਤਰ ਕੇ ਆਇਆ ਹੈ।

ਬੇਸ਼ੱਕ ਆਕਾਰ ਵੱਡਾ ਹੈ, ਪਰ ਉਹ ਵੀ ਤਾਂ ਹੈ ਇੱਕ ਪਿੰਜਰਾ,
ਕਿ ਇੱਕ ਦਾਇਰੇ ਵਿੱਚ ਹੀ ਪੰਛੀ ਉਡਾਰੀ ਮਾਰ ਕੇ ਆਇਆ ਹੈ।

## ਇਹ ਆਮ ਲੋਕਾਂ ਦੀ ਹੈ, ਵੇਖੋ ਸਰਕਾਰ ਜੀ।

ਖੇਤਾਂ ਨੂੰ ਚੌਵੀ ਘੰਟੇ,
ਸਾਡੇ ਜਾਂਦੀ 10 ਵਾਰ ਓਏ,
ਪਾਣੀ ਵੀ ਨਹਿਰੀ ਦਿੱਤਾ,
ਮੋਟਰ ਚੱਲੇ ਦਿਨ ਰਾਤ ਜੀ
ਇਹ ਆਮ ਲੋਕਾਂ ਦੀ ਹੈ,
ਵੇਖੋ ਸਰਕਾਰ ਜੀ।

ਕਈਆਂ ਦੇ ਪੇਪਰ ਨੇ ਚੱਲ ਰਹੇ,
ਕੁਝ ਹੁੰਦਾ ਨਹੀਂਓ ਯਾਦ ਓਏ,
ਆਈ ਜਾਵੇ ਮੁੜ੍ਹਕਾ ਯਾਰੋ,
ਬੜਾ ਹੋਇਆ ਬੁਰਾ ਹਾਲ ਜੀ,
ਇਹ ਆਮ ਲੋਕਾਂ ਦੀ ਹੈ,
ਵੇਖੋ ਸਰਕਾਰ ਜੀ।

ਪੰਜਾਬੀਆਂ ਲਈ ਖੁਸਖਬਰੀ,
ਬਸ ਦਿੰਦੇ ਅਖਬਾਰ ਓਏ,
ਮੁਹੱਲਾ ਕਲੀਨਿਕ ਚਲੇ ਜਾਣਾ,
ਜੇ ਕੋਈ ਹੋ ਗਿਆ ਬਿਮਾਰ ਜੀ,
ਇਹ ਆਮ ਲੋਕਾਂ ਦੀ ਹੈ,
ਵੇਖੋ ਸਰਕਾਰ ਜੀ।

ਅੱਜ ਬਿਜਲੀ ਬੰਦ ਰਹੇਗੀ,
ਨਿੱਤ ਆਉਂਦਾ ਸਮਾਚਾਰ ਓਏ,
600 ਯੂਨਿਟ ਮੁਆਫ ਕਰ,
ਬਣਾਉਂਦੇ ਨੇ ਲਾਚਾਰ ਜੀ,
ਇਹ ਆਮ ਲੋਕਾਂ ਦੀ ਹੈ,
ਵੇਖੋ ਸਰਕਾਰ ਜੀ।

ਆਉਣ ਵਾਲੇ ਦਿਨਾਂ ਵਿੱਚ,
ਹੋਰ ਬਹੁਤ ਕੁਝ ਮਿਲੇਗਾ,
ਆਖੇ ਭਗਵੰਤ ਸਰਦਾਰ ਜੀ,
ਇਹ ਆਮ ਲੋਕਾਂ ਦੀ ਹੈ,
ਵੇਖੋ ਸਰਕਾਰ ਜੀ।

ਮਜਦੂਰਾਂ ਦਾ ਵੀ ਸੋਚੋ ਕਦੇ,
ਬਸ ਕਿਸਾਨ ਖੁਸਹਾਲ ਜੀ,
ਇਹ ਆਮ ਲੋਕਾਂ ਦੀ ਹੈ,
ਵੇਖੋ ਸਰਕਾਰ ਜੀ।

60 ਕਰੋੜ ਦੀ ਲਾਗਤ ਨਾਲ,
ਬੱਸ ਅੱਡਾ ਸਾਨਦਾਰ ਓਏ,
ਪਰ ਫਿ ?ਰ ਵੀ ਨੇ ਲੋਕੀਂ ਉੱਥੇ,
ਸੱਚੀ ਬੜੇ ਪ੍ਰੇਸਾਨ ਜੀ,
ਇਹ ਆਮ ਲੋਕਾਂ ਦੀ ਹੈ,
ਵੇਖੋ ਸਰਕਾਰ ਜੀ।

ਇੱਕ ਨੂੰ ਤਿੰਨ ਨੌਕਰੀਆਂ,
ਕਰੀ ਜਾਂਦੇ ਨੇ ਕਮਾਲ ਓਏ,
ਧਰਨਿਆਂ ਚ ਬੈਠੇ ਜਿਹੜੇ,
ਓ ਸਾਰੇ ਬੇਰੁਜਗਾਰ ਜੀ,
ਇਹ ਆਮ ਲੋਕਾਂ ਦੀ ਹੈ,
ਵੇਖੋ ਸਰਕਾਰ ਜੀ।

ਬੇਨਤੀ ਹੈ ਸਰਕਾਰ ਅੱਗੇ,
ਕੱਟ ਲਾਉਣੇ ਬੰਦ ਕਰੋ,
ਕੰਮ ਜੋ ਵੀ ਕਰ ਰਹੇ ਹੋ,
ਕਰੋ ਸਭ ਹੋਸੋ ਹਾਬਾਸ ਜੀ,
ਇਹ ਆਮ ਲੋਕਾਂ ਦੀ ਹੈ,
ਵੇਖੋ ਸਰਕਾਰ ਜੀ।

**ਗਗਨ ਫੂਲ**
ਸੰਪ: 75289-03512

**No body have time to watch TV Advertisement**
**No body have time to read Physical newspapers**

# It's social time.

**Online News, Advertisement, Promotion Anytime anywhere.**

## Doesn't matter where are you.

**Advertisement with Preetnama.**
**Promote your business with TalkShow**
**We gave social stage to show yourself and your Business.**

**Business Persons, Doctor,**
**Advocates, VISA, Tour Travel, Actor, Singers,**
**writers come Join or TalkShow**
**and Advertisement with us on national**
**& International based.**

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




**No ned to go anywhere, Just leave message on WhatsApp or email us. We will call you back.**

## Contact immediately

**+1 201-312-4180,+1 917-328-8436**

www.preetnama.com, www.preetnews.com
Email- preetnamausa@gmail.com